ਬੀਰਬਲ ਲੇਟ ਕਿਉਂ ਹੈ?


ਇੱਕ ਦਿਨ ਬਾਦਸ਼ਾਹ ਅਕਬਰ ਮੱਹਲ ਵਿੱਚ ਆਪਣੇ ਮੰਤਰੀ ਬੀਰਬਲ ਦੀ ਉਡੀਕ ਕਰ ਰਹੇ ਸਨ। ਬੀਰਬਲ ਨੂੰ ਬਹੁਤ ਦੇਰ ਹੋ ਗਈ ਸੀ, ਅਤੇ ਅਕਬਰ ਗੁੱਸੇ ਵਿੱਚ ਸਨ। ਜਦੋਂ ਬੀਰਬਲ ਆਇਆ, ਤਾਂ ਅਕਬਰ ਨੇ ਪੁੱਛਿਆ, "ਤੁਹਾਨੂੰ ਇੰਨੀ ਦੇਰ ਕਿਉਂ ਹੋ ਗਈ?"

"ਹੇ ਰਾਜਨ!" ਬੀਰਬਲ ਨੇ ਕਿਹਾ। "ਜਿਵੇਂ ਹੀ ਮੈਂ ਨਿਕਲ ਰਿਹਾ ਸੀ, ਮੇਰੇ ਬੇਟੇ ਨੇ ਰੋਣਾ ਸ਼ੁਰੂ ਕਰ ਦਿੱਤਾ। ਮੈਂ ਉਸਨੂੰ ਚੁੱਪ ਕਰਾਉਣ ਲਈ ਰੁਕ ਗਿਆ। ਇਸ ਲਈ ਮੈਨੂੰ ਦੇਰ ਹੋ ਗਈ।"

"ਕੀ ਤੂੰ ਮਜ਼ਾਕ ਕਰ ਰਿਹਾ ਹੈਂ?" ਅਕਬਰ ਨੇ ਕਿਹਾ। "ਕੀ ਰੋਂਦੇ ਹੋਏ ਬੱਚੇ ਨੂੰ ਚੁੱਪ ਕਰਾਉਣ ਵਿੱਚ ਅਸਲ ਵਿੱਚ ਇੰਨਾ ਸਮਾਂ ਲੱਗਦਾ ਹੈ?"

"ਹੇ ਰਾਜਨ, ਸੱਚਮੁੱਚ ਲੱਗਦਾ ਹੈ!" ਬੀਰਬਲ ਨੇ ਕਿਹਾ। "ਰੋਂਦੇ ਬੱਚੇ ਨੂੰ ਸ਼ਾਂਤ ਕਰਨਾ ਬਹੁਤ ਮੁਸ਼ਕਲ ਹੈ।"

"ਮੁਸ਼ਕਲ? ਮੈਂ ਤਾਂ ਕਿਸੇ ਵੀ ਬੱਚੇ ਨੂੰ ਆਸਾਨੀ ਨਾਲ ਚੁੱਪ ਕਰਾ ਸਕਦਾ ਹਾਂ!" ਅਕਬਰ ਨੇ ਰੋਹ ਵਿੱਚ ਕਿਹਾ।




"ਕੀ ਅਜਿਹਾ ਹੀ ਹੈ?" ਬੀਰਬਲ ਨੇ ਪੁੱਛਿਆ। "ਕੀ ਅਸੀਂ ਇੱਕ ਛੋਟਾ ਜਿਹਾ ਨਾਟਕ ਕਰੀਏ? ਮੈਂ ਬੱਚੇ ਦੀ ਭੂਮਿਕਾ ਨਿਭਾਵਾਂਗਾ। ਤੁਸੀਂ ਮੇਰੇ ਪਿਤਾ ਬਣੋ।"

"ਮੈਨੂੰ ਤੁਹਾਡੀ ਚੁਣੌਤੀ ਮਨਜ਼ੂਰ ਹੈ," ਅਕਬਰ ਨੇ ਕਿਹਾ। "ਸ਼ੁਰੂ ਕਰਦੇ ਹਾਂ!"

ਬੀਰਬਲ ਫਰਸ਼ 'ਤੇ ਲੇਟ ਗਿਆ। ਉਹ ਇੱਕ ਬੱਚੇ ਵਾਂਗ ਸੁੰਗੜ ਕੇ ਰੋਣ ਲੱਗਾ।

"ਤੂੰ ਕਿਉਂ ਰੋ ਰਿਹਾ ਹੈਂ, ਮੇਰੇ ਬੱਚੇ?" ਪਿਤਾ ਅਕਬਰ ਨੇ ਪੁੱਛਿਆ। ਉਸਦੀ ਆਵਾਜ਼ ਕੋਮਲ ਅਤੇ ਹਮਦਰਦੀ ਨਾਲ ਭਰੀ ਹੋਈ ਸੀ।

"ਵਾ! ਵਾ! ਮੈਨੂੰ ਗੰਨਾ ਚਾਹੀਦਾ ਹੈ!" ਬਾਲ ਬੀਰਬਲ ਰੋਇਆ।



ਜਦੋਂ ਬਾਲ ਬੀਰਬਲ ਨੇ ਗੰਨੇ ਦੇ ਪੋਰੇ (ਡੰਡੀ) ਦੇਖੇ, ਤਾਂ ਉਸਨੇ ਆਪਣੇ ਹੱਥਾਂ-ਪੈਰਾਂ ਨਾਲ ਫਰਸ਼ 'ਤੇ ਮਾਰਿਆ ਅਤੇ ਪਟਕਿਆ। ਉਸਦਾ ਰੋਣਾ ਹੋਰ ਤੇਜ਼ ਹੋ ਗਿਆ। ਵਾ! ਵਾ! ਆਵਾਜ਼ ਅਸਹਿ ਸੀ!




ਇਹ ਰਿਹਾ ਗੰਨਾ, ਬੱਚੇ। ਤੂੰ ਅਜੇ ਵੀ ਕਿਉਂ ਰੋ ਰਿਹਾ ਹੈਂ? ਪਿਤਾ ਅਕਬਰ ਨੇ ਪੁੱਛਿਆ।

ਮੈਂ ਚਾਹੁੰਦਾ ਹਾਂ ਕਿ ਇਸਦੇ ਛੋਟੇ-ਛੋਟੇ ਟੁਕੜੇ ਕੀਤੇ ਜਾਣ! ਬਾਲ ਬੀਰਬਲ ਰੋਇਆ। ਵਾ, ਵਾ!

ਬੱਸ ਇੰਨੀ ਗੱਲ? ਪਿਤਾ ਅਕਬਰ ਨੇ ਪੁੱਛਿਆ। ਮੈਂ ਇਸਨੂੰ ਹੁਣੇ ਕਟਵਾ ਦਿੰਦਾ ਹਾਂ!

ਅਕਬਰ ਦੇ ਸੇਵਕਾਂ ਨੇ ਗੰਨੇ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੱਟ ਦਿੱਤਾ। ਉਨ੍ਹਾਂ ਨੇ ਇਹ ਬੱਚੇ ਨੂੰ ਪੇਸ਼ ਕੀਤਾ। ਪਰ ਬਾਲ ਬੀਰਬਲ ਨੇ ਟੁਕੜੇ ਚੁੱਕ ਕੇ ਇੱਧਰ-ਉੱਧਰ ਸੁੱਟ ਦਿੱਤੇ। ਉਸਨੇ ਫਰਸ਼ 'ਤੇ ਪਟਕਿਆ। ਉਹ ਹੋਰ ਵੀ ਜ਼ੋਰ ਨਾਲ ਰੋਇਆ। ਵਾ! ਵਾ! ਵਾ!"



ਪਿਤਾ ਅਕਬਰ ਹੈਰਾਨ ਸੀ। ਉਸਨੇ ਪੁੱਛਿਆ, "ਹੁਣ ਤੂੰ ਕਿਉਂ ਰੋ ਰਿਹਾ ਹੈਂ? ਤੇਰੇ ਕੋਲ ਗੰਨੇ ਦੇ ਉਹ ਟੁਕੜੇ ਹਨ ਜੋ ਤੂੰ ਮੰਗੇ ਸਨ!

ਇਨ੍ਹਾਂ ਟੁਕੜਿਆਂ ਨੂੰ ਵਾਪਸ ਜੋੜੋ!" ਬਾਲ ਬੀਰਬਲ ਰੋਇਆ, "ਮੈਨੂੰ ਗੰਨੇ ਦਾ ਪੂਰਾ ਗੰਢ (ਡੰਡੀ) ਚਾਹੀਦੀ ਹੈ!"

ਇਸ ਮੌਕੇ ਅਕਬਰ ਨੇ ਧੀਰਜ ਗੁਆ ਦਿੱਤਾ। "ਮੈਂ ਗੰਨੇ ਨੂੰ ਵਾਪਸ ਕਿਵੇਂ ਜੋੜ ਸਕਦਾ ਹਾਂ? ਟੁਕੜਿਆਂ ਵਿੱਚੋਂ ਗੰਨਾ ਬਣਾਉਣਾ ਸੰਭਵ ਨਹੀਂ ਹੈ!"

ਅਤੇ ਇਸ ਤਰ੍ਹਾਂ ਬੀਰਬਲ ਦੇ ਦਾਅਵੇ ਦੀ ਸੱਚਾਈ ਉਸਦੇ ਸਾਹਮਣੇ ਆ ਗਈ। ਉਸਨੇ ਕਿਹਾ, "ਤੂੰ ਸਹੀ ਕਹਿ ਰਿਹਾ ਹੈਂ, ਮੇਰੇ ਦੋਸਤ! ਰੋਂਦੇ ਬੱਚੇ ਨੂੰ ਚੁੱਪ ਕਰਾਉਣਾ ਬਿਲਕੁਲ ਵੀ ਆਸਾਨ ਨਹੀਂ ਹੈ।"

ਬੀਰਬਲ ਮੁਸਕਰਾਇਆ। ਆਪਣੇ ਕੱਪੜਿਆਂ ਤੋਂ ਧੂੜ ਝਾੜ ਕੇ, ਉਹ ਫਰਸ਼ ਤੋਂ ਉੱਠਿਆ। "ਮੇਰਾ ਪੁੱਤਰ ਅੱਜ ਸਵੇਰੇ ਬਿਲਕੁਲ ਇਹੀ ਕਰ ਰਿਹਾ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਕਰਾਂ! ਅਸਲ ਵਿੱਚ, ਜਦੋਂ ਮੈਂ ਘਰੋਂ ਨਿਕਲਿਆ ਤਾਂ ਉਹ ਅਜੇ ਵੀ ਰੋ ਰਿਹਾ ਸੀ।"

ਅਕਬਰ ਹੈਰਾਨ ਰਹਿ ਗਿਆ। "ਇਸੇ ਵੇਲੇ ਘਰ ਵਾਪਸ ਜਾਓ ਅਤੇ ਆਪਣੇ ਬੱਚੇ ਨੂੰ ਦੇਖੋ!" ਉਸਨੇ ਕਿਹਾ।



© Katha Jharna 2008

Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਨੰਦਰੀਆ ਦੀ ਕੁਰਬਾਨੀ



ਆਪਣੀਆਂ ਅੱਖਾਂ ਬੰਦ ਕਰੋ। ਇੱਕ ਲੰਬੀ, ਵਗਦੀ ਨਦੀ ਦੀ ਕਲਪਨਾ ਕਰੋ। ਇਹ ਗੰਗਾ ਨਦੀ ਹੈ। ਦੇਖੋ! ਨਦੀ ਦੇ ਕੰਢੇ ਇੱਕ ਵਿਸ਼ਾਲ ਅੰਬ ਦਾ ਰੁੱਖ ਖੜ੍ਹਾ ਹੈ। ਬਾਂਦਰਾਂ ਦਾ ਇੱਕ ਸਮੂਹ (ਟੋਲੀ) ਇਸਦੇ ਫਲ ਖਾ ਰਿਹਾ ਹੈ। ਉਹ ਕਿੰਨੇ ਕਿਸਮਤ ਵਾਲੇ ਹਨ, ਜੋ ਅਜਿਹੀ ਜਗ੍ਹਾ 'ਤੇ ਰਹਿੰਦੇ ਹਨ ਜਿੱਥੇ ਹਰ ਭੋਜਨ ਇੰਦਰੀਆਂ ਲਈ ਇੱਕ ਅਨੰਦ ਹੈ!



ਫਿਰ ਵੀ ਨੰਦਰੀਆ, ਜੋ ਬਾਂਦਰਾਂ ਦੀ ਟੋਲੀ ਦਾ ਆਗੂ ਹੈ, ਚਿੰਤਤ ਹੈ। ਅੰਬ ਦੇ ਰੁੱਖ ਦੀ ਇੱਕ ਟਾਹਣੀ ਨਦੀ ਦੇ ਉੱਪਰ ਦੂਰ ਤੱਕ ਫੈਲੀ ਹੋਈ ਹੈ। ਜੇ ਕੋਈ ਅੰਬ ਪਾਣੀ ਵਿੱਚ ਡਿੱਗ ਪਵੇ ਤਾਂ ਕੀ ਹੋਵੇਗਾ? ਨੰਦਰੀਆ ਆਪਣੀ ਟੋਲੀ ਨੂੰ ਇਕੱਠਾ ਕਰਦਾ ਹੈ।



"ਵੇਖੋ ਕਿ ਇਹ ਇੱਕ ਟਾਹਣੀ ਨਦੀ ਦੇ ਉੱਪਰ ਕਿਵੇਂ ਲਟਕ ਰਹੀ ਹੈ। ਸਾਨੂੰ ਇਸ ਵਿੱਚੋਂ ਕੋਈ ਵੀ ਅੰਬ ਪਾਣੀ ਵਿੱਚ ਨਹੀਂ ਡਿੱਗਣ ਦੇਣਾ ਚਾਹੀਦਾ।"



"ਜੇਕਰ ਕੋਈ ਅੰਬ ਡਿੱਗ ਪਿਆ, ਤਾਂ ਇਹ ਮਨੁੱਖਾਂ ਦੇ ਹੱਥਾਂ ਵਿੱਚ ਆ ਸਕਦਾ ਹੈ। ਮਨੁੱਖ ਅਜਿਹੇ ਸੁਆਦੀ ਫਲ ਦੇਣ ਵਾਲੇ ਰੁੱਖ ਨੂੰ ਲੱਭਣ ਦੀ ਕੋਸ਼ਿਸ਼ ਕਰਨਗੇ। ਉਹ ਇੱਥੇ ਆਉਣਗੇ, ਸਾਨੂੰ ਦੇਖਣਗੇ ਅਤੇ ਸਾਨੂੰ ਭਜਾ ਦੇਣਗੇ।"



"ਇਸ ਟਾਹਣੀ 'ਤੇ ਨਜ਼ਰ ਰੱਖੋ! ਫਲ ਪੱਕਦੇ ਹੀ ਤੋੜ ਲਵੋ!" ਨੰਦਰੀਆ ਨੇ ਤਾਕੀਦ ਕੀਤੀ। "ਅੰਬਾਂ ਨੂੰ ਕਦੇ ਵੀ ਡਿੱਗਣ ਨਾ ਦਿਓ!"

ਪਰ ਇੱਕ ਅੰਬ ਅਣਡਿੱਠਾ ਹੋ ਕੇ ਡਿੱਗ ਪੈਂਦਾ ਹੈ, ਅਤੇ ਨਦੀ ਵਿੱਚ ਚਲਾ ਜਾਂਦਾ ਹੈ। ਲਹਿਰਾਂ ਦੇ ਧੱਕੇ ਖਾਂਦਾ, ਗੋਤੇ ਖਾਂਦਾ ਅਤੇ ਠੁੱਡੇ ਖਾਂਦਾ, ਉਹ ਨਦੀ ਵਿੱਚ ਅੱਗੇ ਵਹਿ ਜਾਂਦਾ ਹੈ। ਕਿਸੇ ਨਾ ਕਿਸੇ ਤਰ੍ਹਾਂ ਉਹ ਰਾਜੇ ਦੇ ਹੱਥ ਆ ਜਾਂਦਾ ਹੈ। "ਇਹ ਅੰਬ ਕਿੱਥੋਂ ਆਇਆ?" ਉਹ ਇਸਦੇ ਸੁਆਦ ਅਤੇ ਖੁਸ਼ਬੂ ਦਾ ਆਨੰਦ ਲੈਂਦੇ ਹੋਏ ਹੈਰਾਨ ਹੁੰਦਾ ਹੈ। ਉਹ ਆਪਣੇ ਸਿਪਾਹੀਆਂ ਨਾਲ ਦਰੱਖਤ ਲੱਭਣ ਲਈ ਨਿਕਲਦਾ ਹੈ।

ਉੱਥੇ ਪਹੁੰਚ ਕੇ, ਰਾਜਾ ਦਰੱਖਤ ਦੇ ਆਕਾਰ ਅਤੇ ਇਸਦੇ ਫਲਾਂ ਦੀ ਬਹੁਤਾਤ ਨੂੰ ਦੇਖ ਕੇ ਹੈਰਾਨ ਰਹਿ ਜਾਂਦਾ ਹੈ। ਹਾਲਾਂਕਿ, ਰਾਤ ਹੋ ਰਹੀ ਹੈ। ਉਹ ਕੈਂਪ ਲਗਾਉਣ ਦਾ ਫੈਸਲਾ ਕਰਦਾ ਹੈ। ਉਹ ਆਪਣੇ ਸਿਪਾਹੀਆਂ ਨੂੰ ਕਹਿੰਦਾ ਹੈ: "ਆਪਣੇ ਹਥਿਆਰ ਇੱਕ ਪਾਸੇ ਰੱਖੋ ਅਤੇ ਸਵੇਰ ਤੱਕ ਆਰਾਮ ਕਰੋ। ਅਸੀਂ ਫਿਰ ਅੰਬ ਤੋੜਾਂਗੇ।"




ਰਾਤ ਹਨੇਰੀ ਹੈ। ਅਸਮਾਨ ਵਿੱਚ ਬੱਦਲਾਂ ਦੀ ਚਾਦਰ ਹੈ। ਚੰਦਰਮਾ ਬਹੁਤ ਪਹਿਲਾਂ ਸੌਣ ਚਲਾ ਗਿਆ ਹੈ। ਨੰਦਰੀਆ ਅਤੇ ਉਸਦੀ ਟੋਲੀ ਸੁੱਤੇ ਹੋਏ ਸਿਪਾਹੀਆਂ ਦੇ ਵਿਚਕਾਰੋਂ ਲੰਘਦੀ ਹੈ ਅਤੇ ਦਰੱਖਤ 'ਤੇ ਚੜ੍ਹ ਜਾਂਦੀ ਹੈ। ਉਹ ਤ੍ਰਿਪਤ ਹੋ ਕੇ ਦਾਅਵਤ ਕਰਦੇ ਹਨ।

ਪਰ ਆਪਣੀ ਦਾਅਵਤ ਵਿੱਚ ਉਹ ਆਪਣੇ ਹੇਠਾਂ ਸੁੱਤੀ ਪਈ ਫੌਜ ਬਾਰੇ ਭੁੱਲ ਜਾਂਦੇ ਹਨ। ਉਹਨਾਂ ਦੀ ਖਾਮੋਸ਼ੀ ਫੁਸਫੁਸਾਹਟ ਵਿੱਚ, ਅਤੇ ਉਹਨਾਂ ਦੀ ਫੁਸਫੁਸਾਹਟ ਗੱਲਾਂਬਾਤਾਂ ਵਿੱਚ ਬਦਲ ਜਾਂਦੀ ਹੈ। ਰਾਜੇ ਦੇ ਪਹਿਰੇਦਾਰ ਰਾਜੇ ਨੂੰ ਜਗਾਉਂਦੇ ਹਨ। "ਦਰੱਖਤ ਬਾਂਦਰਾਂ ਨਾਲ ਭਰਿਆ ਹੋਇਆ ਹੈ!" ਉਹ ਉਸਨੂੰ ਦੱਸਦੇ ਹਨ। "ਅਸੀਂ ਕੀ ਕਰੀਏ?"

"ਸਿਪਾਹੀਆਂ ਨੂੰ ਸੌਣ ਦਿਓ," ਰਾਜਾ ਜਵਾਬ ਦਿੰਦਾ ਹੈ। "ਸਵੇਰੇ ਅਸੀਂ ਬਾਂਦਰਾਂ ਨੂੰ ਭਜਾ ਦੇਵਾਂਗੇ।"

ਦੋ ਬਾਂਦਰਾਂ ਨੇ ਰਾਜੇ ਦੀਆਂ ਯੋਜਨਾਵਾਂ ਸੁਣ ਲਈਆਂ। ਉਹ ਨੰਦਰੀਆ ਕੋਲ ਭੱਜੇ ਗਏ। "ਖਤਰਾ! ਖਤਰਾ!" ਉਹਨਾਂ ਚੇਤਾਵਨੀ ਦਿੱਤੀ। "ਸਿਪਾਹੀ ਸਾਨੂੰ ਸਾਰਿਆਂ ਨੂੰ ਭਜਾਉਣ ਦੀ ਯੋਜਨਾ ਬਣਾ ਰਹੇ ਹਨ! ਓਹ, ਹੁਣ ਕੀ ਕੀਤਾ ਜਾ ਸਕਦਾ ਹੈ?"

"ਚਿੰਤਾ ਨਾ ਕਰੋ," ਨੰਦਰੀਆ ਨੇ ਜਵਾਬ ਦਿੱਤਾ। "ਮੈਂ ਤੁਹਾਨੂੰ ਸਿਪਾਹੀਆਂ ਤੋਂ ਬਚਾਵਾਂਗਾ।" ਉਸਨੇ ਲਟਕਦੀ ਵੇਲ ਦਾ ਇੱਕ ਟੁਕੜਾ ਤੋੜਿਆ ਅਤੇ ਇਸਦਾ ਇੱਕ ਸਿਰਾ ਅੰਬ ਦੇ ਰੁੱਖ ਨਾਲ ਬੰਨ੍ਹ ਦਿੱਤਾ। ਦੂਜਾ ਸਿਰਾ ਉਸਨੇ ਆਪਣੀ ਕਮਰ ਦੁਆਲੇ ਬੰਨ੍ਹ ਲਿਆ। ਇੱਕ ਵੱਡੀ ਛਾਲ ਨਾਲ, ਉਹ ਨਦੀ ਪਾਰ ਕਰ ਗਿਆ।



ਅਫਸੋਸ! ਕੱਟੀ ਹੋਈ ਵੇਲ ਬਹੁਤ ਛੋਟੀ ਸੀ। ਨੰਦਰੀਆ ਨੇ ਦੂਜੇ ਪਾਸੇ ਇੱਕ ਰੁੱਖ ਨੂੰ ਫੜ ਲਿਆ। ਪਰ ਉਹ ਵੇਲ ਨੂੰ ਬੰਨ੍ਹਣ ਵਿੱਚ ਅਸਮਰੱਥ ਸੀ। ਕੋਈ ਗੱਲ ਨਹੀਂ! ਇੱਕ ਟਾਹਣੀ ਨੂੰ ਫੜ ਕੇ, ਉਸਨੇ ਲੰਬਾਈ ਨੂੰ ਪੂਰਾ ਕਰਨ ਲਈ ਆਪਣੇ ਸਰੀਰ ਨੂੰ ਖਿੱਚਿਆ। ਇੱਕ ਪੁਲ ਬਣ ਗਿਆ!

ਉਸਨੇ ਆਪਣੀ ਟੁਕੜੀ ਨੂੰ ਬੁਲਾਇਆ: "ਜਲਦੀ ਕਰੋ! ਜਲਦੀ ਕਰੋ! ਵੇਲ ਦੇ ਨਾਲ-ਨਾਲ ਚੱਲੋ ਅਤੇ ਮੇਰੇ ਸਰੀਰ ਉੱਤੇ ਚੜ੍ਹ ਕੇ ਰੁੱਖ ਤੋਂ ਹੇਠਾਂ ਉਤਰ ਕੇ ਕੰਢੇ 'ਤੇ ਪਹੁੰਚੋ। ਛੇਤੀ ਆਓ, ਤਾਂ ਜੋ ਸਾਰੇ ਬਚ ਸਕਣ!"

ਇੱਕ-ਇੱਕ ਕਰਕੇ ਬਾਂਦਰ ਨਦੀ ਦੇ ਦੂਜੇ ਪਾਸੇ ਚਲੇ ਗਏ। ਆਖਰੀ ਬਾਂਦਰ ਨੰਦਰੀਆ ਦੀ ਪਿੱਠ 'ਤੇ ਜ਼ੋਰ ਨਾਲ ਛਾਲ ਮਾਰਦਾ ਹੈ ਅਤੇ ਸੁਰੱਖਿਅਤ ਜਗ੍ਹਾ 'ਤੇ ਚੜ੍ਹ ਜਾਂਦਾ ਹੈ। ਪਰ ਨੰਦਰੀਆ ਦੀ ਟਾਹਣੀ ਤੋਂ ਪਕੜ ਛੁੱਟ ਜਾਂਦੀ ਹੈ! ਉਹ ਰੁੱਖ ਤੋਂ ਹੇਠਾਂ ਸੁੱਟਿਆ ਜਾਂਦਾ ਹੈ! ਉਹ ਨਦੀ ਦੇ ਕੰਢੇ 'ਤੇ ਡਿੱਗਦਾ ਹੈ।

ਰਾਜਾ ਬਾਂਦਰਾਂ ਦੇ ਭੱਜਣ ਨੂੰ ਦੇਖ ਰਿਹਾ ਸੀ। ਹੁਣ ਉਹ ਨੰਦਾਰੀਆ ਵੱਲ ਦੌੜਦਾ ਹੈ। ਪਰ ਨੰਦਾਰੀਆ ਹੁਣ ਬਚਾਉ ਤੋਂ ਪਰੇ ਹੈ। ਉਸਦੀ ਜ਼ਿੰਦਗੀ ਹੌਲੀ-ਹੌਲੀ ਖਤਮ ਹੋ ਰਹੀ ਹੈ। ਰਾਜਾ ਕਹਿੰਦਾ ਹੈ, "ਤੂੰ ਆਪਣੇ ਬਾਰੇ ਸੋਚੇ ਬਿਨਾਂ ਆਪਣੇ ਲੋਕਾਂ ਨੂੰ ਬਚਾਇਆ। ਮੈਂ ਅਜਿਹਾ ਬਲਿਦਾਨ ਕਦੇ ਨਹੀਂ ਵੇਖਿਆ।"

ਪਰ ਨੰਦਾਰੀਆ ਜਵਾਬ ਦਿੰਦਾ ਹੈ, "ਮਹਾਰਾਜ, ਇੱਕ ਰਾਜੇ ਨੂੰ ਆਪਣੇ ਲੋਕਾਂ ਦੀ ਭਲਾਈ ਨੂੰ ਆਪਣੇ ਤੋਂ ਉੱਪਰ ਰੱਖਣਾ ਚਾਹੀਦਾ ਹੈ। ਜੋ ਮੈਂ ਕੀਤਾ, ਉਹ ਸਿਰਫ਼ ਮੇਰਾ ਫਰਜ਼ ਸੀ।"

"ਮੈਂ ਤੈਨੂੰ ਸਤਿਕਾਰ ਦਿੰਦਾ ਹਾਂ, ਬਾਂਦਰਾਂ ਦੇ ਸੁਆਮੀ," ਰਾਜਾ ਦੁੱਖ ਨਾਲ ਕਹਿੰਦਾ ਹੈ। "ਆਪਣੀ ਆਖਰੀ ਇੱਛਾ ਦੱਸ, ਤਾਂ ਜੋ ਮੈਂ ਉਸਨੂੰ ਪੂਰਾ ਕਰ ਸਕਾਂ।"

ਨੰਦਾਰੀਆ ਆਪਣੇ ਆਖਰੀ ਸਾਹ ਨਾਲ ਕਹਿੰਦਾ ਹੈ, "ਮੇਰੇ ਲੋਕ ਮਨੁੱਖਾਂ ਦੀ ਮਰਜ਼ੀ ਤੋਂ ਆਜ਼ਾਦ ਜੀਵਣ ਜੀਊਣ।"

ਇਸ ਤਰ੍ਹਾਂ ਰਾਜਾ ਹੁਕਮ ਦੇਂਦਾ ਹੈ, "ਅੱਜ ਤੋਂ ਇਹ ਰੁੱਖ ਪੂਰੀ ਤਰ੍ਹਾਂ ਨੰਦਾਰੀਆ ਦੇ ਲੋਕਾਂ ਲਈ ਰੱਖਿਆ ਜਾਵੇਗਾ ਅਤੇ ਮਨੁੱਖ ਇਸਦੇ ਫਲ ਕਦੇ ਨਹੀਂ ਤੋੜਣਗੇ," ਉਹ ਐਲਾਨ ਕਰਦਾ ਹੈ।

ਫਿਰ ਉਹ ਅਤੇ ਉਸਦੀ ਫੌਜ ਉਸ ਥਾਂ ਤੋਂ ਚਲੇ ਜਾਂਦੇ ਹਨ।

ਜਾਤਕ ਕਹਾਣੀ



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਤੇਨਾਲੀ ਰਾਮਨ ਅਤੇ ਜਾਦੂਗਰ

ਇੱਕ ਦਿਨ ਇੱਕ ਜਾਦੂਗਰ ਵਿਜੈ ਨਗਰ ਆਇਆ। ਉਸਨੇ ਰਾਜੇ ਦੇ ਮਹੱਲ ਵਿੱਚ ਕਈ ਸ਼ਾਨਦਾਰ ਜਾਦੂ ਦੇ ਕਰਤੱਬ ਦਿਖਾਏ। ਲੋਕ ਖੁਸ਼ ਹੋ ਕੇ ਦੇਖਦੇ ਰਹੇ। ਉਹਨਾਂ ਨੂੰ ਸਮੇਂ ਦੇ ਬੀਤਣ ਦਾ ਪਤਾ ਹੀ ਨਾ ਲੱਗਿਆ।

ਜਾਦੂਗਰ ਨੇ ਇੱਕ ਖਾਲੀ ਟੋਕਰੀ ਜ਼ਮੀਨ ‘ਤੇ ਰੱਖੀ। ਉਸਨੇ ਉਸਨੂੰ ਉਲਟਾ ਕਰ ਦਿੱਤਾ। ਫਿਰ ਉਸਨੂੰ ਚੁੱਕਿਆ। ਉੱਥੇ ਇੱਕ ਅੰਬ ਦਾ ਬੂਟਾ ਸੀ!

ਉਸਨੇ ਇੱਕ ਖਾਲੀ ਪੰਛੀ ਵਾਲਾ ਪਿੰਜਰਾ ਮੇਜ਼ ‘ਤੇ ਰੱਖਿਆ। ਉਸਨੇ ਪਿੰਜਰੇ ਦਾ ਦਰਵਾਜ਼ਾ ਖੋਲ੍ਹਿਆ। ਇੱਕ ਕਬੂਤਰ ਉੱਡ ਕੇ ਬਾਹਰ ਆ ਗਿਆ! ਸਾਰੇ ਲੋਕ ਜ਼ੋਰ-ਜ਼ੋਰ ਨਾਲ ਤਾਲੀਆਂ ਵਜਾਉਣ ਲੱਗ ਪਏ!



ਜਾਦੂਗਰ ਨੇ ਕੁਝ ਛੋਟੇ ਪੱਥਰ ਚੁੱਕੇ। ਉਹ ਸੋਨੇ ਦੇ ਸਿੱਕਿਆਂ ਵਿੱਚ ਬਦਲ ਗਏ! ਫਿਰ ਉਸਨੇ ਆਪਣੀਆਂ ਅੱਖਾਂ ਜ਼ੋਰ ਨਾਲ ਬੰਦ ਕੀਤੀਆਂ। ਰਾਜੇ ਦੀ ਉਂਗਲ ਵਿੱਚੋਂ ਇੱਕ ਅੰਗੂਠੀ ਉੱਡ ਕੇ ਸਿੱਧੀ ਜਾਦੂਗਰ ਕੋਲ ਆ ਗਈ!

ਲੋਕ ਬਹੁਤ ਖੁਸ਼ ਹੋ ਰਹੇ ਸਨ! ਰਾਜੇ ਨੇ ਵੀ ਜਾਦੂਗਰ ਦੀ ਕਲਾ ਦੀ ਪ੍ਰਸ਼ੰਸਾ ਕੀਤੀ। ਉਸਨੇ ਉਸਨੂੰ ਇੱਕ ਚਾਂਦੀ ਦੀ ਥਾਲ ਦਿੱਤੀ ਜੋ ਤੋਹਫ਼ਿਆਂ ਅਤੇ ਇਨਾਮਾਂ ਨਾਲ ਭਰੀ ਹੋਈ ਸੀ।

ਪਰ ਜਾਦੂਗਰ ਨੂੰ ਸਿਰਫ਼ ਇਨਾਮ ਨਹੀਂ ਚਾਹੀਦੇ ਸਨ। ਉਹ ਵਿਜਯ ਨਗਰ ਇੱਕ ਯੋਜਨਾ ਨਾਲ ਆਇਆ ਸੀ। ਉਸਨੇ ਕਿਹਾ, “ਕੀ ਇੱਥੇ ਕੋਈ ਹੈ ਜੋ ਮੇਰੇ ਜਾਦੂ ਤੋਂ ਵੱਧ ਕਰ ਸਕੇ? ਜੇ ਹੈ, ਤਾਂ ਮੈਂ ਇਹ ਸਾਰੇ ਤੋਹਫ਼ੇ ਛੱਡ ਦਿਆਂਗਾ!”
ਕੋਈ ਵੀ ਅੱਗੇ ਨਹੀਂ ਆਇਆ। ਕਿਸੇ ਨੇ ਵੀ ਇਸ ਕਾਬਲ ਜਾਦੂਗਰ ਨੂੰ ਚੁਣੌਤੀ ਦੇਣ ਦੀ ਹਿੰਮਤ ਨਾ ਕੀਤੀ।

ਫਿਰ ਜਾਦੂਗਰ ਨੇ ਕਿਹਾ, “ਜੇ ਕੋਈ ਮੈਨੂੰ ਹਰਾ ਨਹੀਂ ਸਕਦਾ, ਤਾਂ ਜਦੋਂ ਮੈਂ ਵਿਜਯਨਗਰ ਛੱਡਾਂਗਾ ਤੁਹਾਡੇ ਮੰਤਰੀ ਤੇਨਾਲੀ ਰਾਮਨ ਨੂੰ ਮੇਰੇ ਨਾਲ ਜਾਣਾ ਪਵੇਗਾ!”



ਤੇਨਾਲੀ ਰਾਮਨ ਵੀ ਹੋਰ ਸਭ ਦੀ ਤਰ੍ਹਾਂ ਜਾਦੂਗਰ ਦਾ ਪ੍ਰਦਰਸ਼ਨ ਦੇਖ ਕੇ ਖੁਸ਼ ਹੋ ਰਿਹਾ ਸੀ। ਆਪਣੇ ਨਾਮ ਨੂੰ ਸੁਣ ਕੇ ਉਹ ਹੈਰਾਨ ਰਹਿ ਗਿਆ। ਉਸਨੇ ਰਾਜੇ ਵੱਲ ਦੇਖਿਆ, ਜਿਸਦੇ ਸ਼ਾਨਦਾਰ ਚਿਹਰੇ ‘ਤੇ ਚਿੰਤਾ ਦੀ ਲਕੀਰਾਂ ਸਨ।
“ਮੈਨੂੰ ਇਸ ਜਾਦੂਗਰ ਨੂੰ ਚਤੁਰਾਈ ਨਾਲ ਹਰਾਉਣ ਦਾ ਕੋਈ ਤਰੀਕਾ ਲੱਭਣਾ ਪਵੇਗਾ,” ਉਸਨੇ ਸੋਚਿਆ।

ਥੋੜ੍ਹੀ ਦੇਰ ਬਾਅਦ ਉਸਨੇ ਕਿਹਾ,
“ਹੇ ਮਹਾਨ ਜਾਦੂਗਰ! ਮੈਂ ਤੁਹਾਡੀ ਚੁਣੌਤੀ ਸਵੀਕਾਰ ਕਰਦਾ ਹਾਂ! ਮੈਂ ਇੱਕ ਐਸਾ ਜਾਦੂ ਕਰਾਂਗਾ ਜਿਸਦਾ ਤੁਸੀਂ ਮੁਕਾਬਲਾ ਨਹੀਂ ਕਰ ਸਕੋਗੇ।”

"ਮੇਰਾ ਜਾਦੂ ਦੇਖਣ ਤੋਂ ਬਾਅਦ, ਤੁਹਾਨੂੰ ਵੀ ਉਹੀ ਜਾਦੂ ਕਰਨਾ ਪਵੇਗਾ। ਪਰ ਮੈਂ ਇਹ ਜਾਦੂ ਆਪਣੀਆਂ ਅੱਖਾਂ ਬੰਦ ਕਰਕੇ ਕਰਾਂਗਾ, ਜਦਕਿ ਤੁਹਾਨੂੰ ਇਹ ਅੱਖਾਂ ਖੁੱਲੀਆਂ ਰੱਖ ਕੇ ਕਰਨਾ ਪਵੇਗਾ। ਕੀ ਤੁਸੀਂ ਮਨਜ਼ੂਰ ਕਰਦੇ ਹੋ?"

ਜਾਦੂਗਰ ਥੋੜ੍ਹਾ ਹਿਚਕਿਚਾਇਆ। ਤੇਨਾਲੀ ਰਾਮਨ ਬਹੁਤ ਚਤੁਰ ਸੀ! ਜ਼ਰੂਰ ਉਹ ਕੋਈ ਚਲਾਕੀ ਸੋਚ ਰਿਹਾ ਹੋਵੇਗਾ। ਪਰ ਫਿਰ ਵੀ... ਅੱਖਾਂ ਖੁੱਲੀਆਂ ਰੱਖ ਕੇ ਜਾਦੂ ਕਰਨਾ ਅੱਖਾਂ ਬੰਦ ਕਰਕੇ ਕਰਨ ਨਾਲੋਂ ਕਿੰਨਾ ਔਖਾ ਹੋ ਸਕਦਾ ਹੈ? ਆਖ਼ਿਰਕਾਰ ਉਸਨੇ ਕਿਹਾ, "ਇਹ ਤਾਂ ਬਹੁਤ ਆਸਾਨ ਹੈ! ਮੈਂ ਮਨਜ਼ੂਰ ਕਰਦਾ ਹਾਂ!"

ਤੇਨਾਲੀ ਰਾਮਨ ਇੱਕ ਫੁੱਲਾਂ ਦੇ ਗਮਲੇ ਦੇ ਕੋਲ ਖੜਾ ਸੀ। ਉਸਨੇ ਦੋਵੇਂ ਹੱਥਾਂ ਵਿੱਚ ਕੁਝ ਮਿੱਟੀ ਚੁੱਕੀ। ਫਿਰ ਉਸਨੇ ਆਪਣੀਆਂ ਅੱਖਾਂ ਮਜ਼ਬੂਤੀ ਨਾਲ ਬੰਦ ਕਰ ਲਈਆਂ। ਹੌਲੀ-ਹੌਲੀ ਅਤੇ ਧਿਆਨ ਨਾਲ ਉਸਨੇ ਮਿੱਟੀ ਆਪਣੀਆਂ ਪਲਕਾਂ ਉੱਤੇ ਛਿੜਕੀ। ਫਿਰ ਉਸਨੇ ਕਪੜੇ ਨਾਲ ਆਪਣੀਆਂ ਅੱਖਾਂ ਨੂੰ ਚੰਗੀ ਤਰ੍ਹਾਂ ਸਾਫ਼ ਕੀਤਾ।



ਉਸਨੇ ਜਾਦੂਗਰ ਵੱਲ ਮੁੜ ਕੇ ਕਿਹਾ, “ਹੁਣ ਤੁਸੀਂ ਇਹ ਜਾਦੂ ਆਪਣੀਆਂ ਅੱਖਾਂ ਖੁੱਲੀਆਂ ਰੱਖ ਕੇ ਕਰ ਕੇ ਦਿਖਾਓ!”

ਜਾਦੂਗਰ ਹਿੱਲ ਗਿਆ। ਉਹ ਇਕ ਵੀ ਸ਼ਬਦ ਨਹੀਂ ਬੋਲ ਸਕਿਆ। ਆਦਰ ਨਾਲ ਉਸਨੇ ਆਪਣਾ ਸਿਰ ਝੁਕਾਇਆ। ਫਿਰ ਉਹ ਵਿਜਯ ਨਗਰ ਛੱਡ ਕੇ ਚਲਾ ਗਿਆ ਅਤੇ ਕਦੇ ਵਾਪਸ ਨਾ ਆਇਆ।

“ਹੁਰਰੇ!” ਲੋਕਾਂ ਨੇ ਕਿਹਾ। “ਤੇਨਾਲੀ ਰਾਮਨ ਫਿਰ ਤੋਂ ਜਿੱਤ ਗਿਆ!”

“ਤੂੰ ਸਾਡੀ ਇੱਜ਼ਤ ਬਚਾਈ ਹੈ!” ਰਾਜੇ ਨੇ ਕਿਹਾ ਅਤੇ ਉਸਨੇ ਤੇਨਾਲੀ ਰਾਮਨ ਨੂੰ ਖੂਬ ਇਨਾਮ ਦਿੱਤਾ।



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy





ਅੱਪੂ ਅਤੇ ਉਸਦੇ ਦੋਸਤ

ਛੋਟੇ ਹਾਥੀ ਅੱਪੂ ਦੇ ਵਿਸ਼ਾਲ ਜੰਗਲ ਵਿੱਚ ਬਹੁਤ ਸਾਰੇ ਦੋਸਤ ਹਨ । ਉਹਨਾਂ ਨਾਲ ਖੇਡਣਾ ਉਸਨੂੰ ਬਹੁਤ ਪਸੰਦ ਹੈ। ਪਰ ਅੱਜ ਅੱਪੂ ਆਪਣੇ ਦੋਸਤਾਂ ਨਾਲ ਖੇਡਣ ਨਹੀਂ ਜਾਂਦਾ। ਉਹ ਇਕੱਲਾ ਬੈਠਾ ਰਹਿੰਦਾ ਹੈ, ਨਾ ਹਿੱਲਦਾ ਹੈ ਨਾ ਕੁਝ ਬੋਲਦਾ ਹੈ।

ਅੱਪੂ ਦੇ ਦੋਸਤ ਉਸਨੂੰ ਵੇਖਣ ਆਉਂਦੇ ਹਨ। ਉਹ ਉਸਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਦੇ ਹਨ।

ਕਿੰਗਫ਼ਿਸ਼ਰ: ਸਤਿ ਸ੍ਰੀ ਅਕਾਲ, ਅੱਪੂ। ਤੂੰ ਸਾਡੇ ਨਾਲ ਖੇਡਣ ਲਈ ਨਹੀਂ ਆਇਆ। ਕੀ ਤੂੰ ਮੈਨੂੰ ਦੱਸੇਂਗਾ ਕਿਉਂ?

ਅੱਪੂ ਚੁੱਪ ਖੜ੍ਹਾ ਰਹਿੰਦਾ ਹੈ, ਉਸਦਾ ਸਿਰ ਝੁਕਿਆ ਹੋਇਆ ਹੈ, ਉਸਦੀ ਸੁੰਡ ਜ਼ਮੀਨ ਨੂੰ ਛੂਹ ਰਹੀ ਹੈ।

ਕਿੰਗਫ਼ਿਸ਼ਰ: ਮੈਨੂੰ ਪਤਾ ਹੈ! ਤੇਰੀ ਲੰਮੀ ਲਟਕਦੀ ਸੁੰਡ – ਇਹੀ ਤੈਨੂੰ ਉਦਾਸ ਕਰ ਰਹੀ ਹੈ, ਹੈ ਨਾ?



ਅੱਪੂ: (ਸਿਰ ਹਿਲਾਉਂਦਾ ਹੋਇਆ) ਨਹੀਂ! ਮੈਨੂੰ ਆਪਣੀ ਸੁੰਡ ਬਹੁਤ ਪਿਆਰੀ ਹੈ! ਮੈਂ ਇਸ ਨਾਲ ਬਹੁਤ ਕੁਝ ਕਰ ਸਕਦਾ ਹਾਂ! ਆਪਣੀ ਸੁੰਡ ਦੀ ਵਜ੍ਹਾ ਨਾਲ ਮੈਂ ਬਹੁਤ ਵਧੀਆ ਕੰਮ ਕਰਦਾ ਹਾਂ!

ਉਸ ਵੇਲੇ ਬਾਂਦਰ ਝੂਲਦਾ ਹੋਇਆ ਆਉਂਦਾ ਹੈ।

ਬਾਂਦਰ: ਮੈਨੂੰ ਪਤਾ ਹੈ! ਤੇਰੀ ਛੋਟੀ ਜਿਹੀ ਪੂਛ– ਇਹੀ ਤੈਨੂੰ ਉਦਾਸ ਕਰ ਰਹੀ ਹੈ, ਹੈ ਨਾ? ਤੂੰ ਮੇਰੀ ਤਰ੍ਹਾਂ ਦਰੱਖਤਾਂ 'ਚ ਝੂਲ ਨਹੀਂ ਸਕਦਾ।

ਅੱਪੂ: (ਆਪਣਾ ਪੈਰ ਧਰਤੀ 'ਤੇ ਮਾਰਦੇ ਹੋਏ) ਮੇਰੀ ਪੂਛ ਛੋਟੀ ਹੈ, ਪਰ ਇਹ ਮੇਰੇ ਲਈ ਬਹੁਤ ਲਾਹੇਵੰਦ ਹੈ! ਮੈਂ ਤੇਰੀ ਤਰ੍ਹਾਂ ਦਰੱਖਤਾਂ 'ਤੇ ਨਹੀਂ ਝੂਲਣਾ ਚਾਹੁੰਦਾ!

ਹਿਰਨ: ਮੈਂ ਜਾਣਦਾ ਹਾਂ! ਤੇਰੀ ਸਮੱਸਿਆ ਤੇਰੀਆਂ ਮੋਟੀਆਂ ਲੱਤਾਂ ਹਨ – ਇਹੀ ਤੈਨੂੰ ਉਦਾਸ ਕਰ ਰਹੀਆਂ ਹਨ, ਹੈ ਨਾ? ਤੇਰੀਆਂ ਲੱਤਾਂ ਮੇਰੀਆਂ ਲੱਤਾਂ ਵਾਂਗ ਖੂਬਸੂਰਤ ਅਤੇ ਪਤਲੀਆਂ ਨਹੀਂ ਹਨ।




ਅੱਪੂ: (ਅੱਖਾਂ ਘੁਮਾਉਂਦੇ ਹੋਏ) ਨਹੀਂ, ਨਹੀਂ! ਮੈਨੂੰ ਮੇਰੀਆਂ ਲੱਤਾਂ ਪਸੰਦ ਹਨ। ਇਹ ਮਜ਼ਬੂਤ ਅਤੇ ਸ਼ਾਨਦਾਰ ਹਨ। ਮੈਨੂੰ ਇਹ ਜਿਵੇਂ ਹਨ, ਓਵੇਂ ਹੀ ਪਸੰਦ ਹਨ! ਹੁਣ ਮੋਰ ਉੱਪਰ ਉੱਡਦਾ ਹੈ।

ਮੋਰ: ਮੈਂ ਜਾਣਦਾ ਹਾਂ! ਇਹ ਤੇਰਾ ਫਿੱਕਾ ਸਲੇਟੀ ਰੰਗ ਹੈ - ਇਹੀ ਤੈਨੂੰ ਉਦਾਸ ਕਰ ਰਿਹਾ ਹੈ, ਹੈ ਨਾ? ਤੂੰ ਚਮਕਦਾਰ ਹਰੇ ਅਤੇ ਨੀਲੇ ਰੰਗ ਚਾਹੁੰਦਾ ਹੈਂ, ਜਿਵੇਂ ਮੇਰੇ ਖੂਬਸੂਰਤ ਖੰਭਾਂ 'ਤੇ ਹਨ।

ਅੱਪੂ: (ਜੋਰ ਨਾਲ ਹੱਸਦੇ ਹੋਏ) ਬਿਲਕੁਲ ਨਹੀਂ! ਮੈਨੂੰ ਮੇਰਾ ਸਾਧਾਰਨ, ਸਲੇਟੀ ਰੰਗ ਪਸੰਦ ਹੈ। ਇਹ ਭਾਵੇਂ ਫਿੱਕਾ ਹੋਵੇ, ਪਰ ਇਹ ਸ਼ਿਕਾਰੀਆਂ ਤੋਂ ਲੁਕਣ ਵਿੱਚ ਮੇਰੀ ਮਦਦ ਕਰਦਾ ਹੈ।

ਬਾਂਦਰ ਉੱਪਰ-ਹੇਠਾਂ ਛਾਲ ਮਾਰਨ ਲੱਗ ਪੈਂਦਾ ਹੈ।



ਬਾਂਦਰ: ਫਿਰ ਆਪਣੀ ਚਿੰਤਾ ਨੂੰ ਭੁੱਲ ਜਾ, ਜੋ ਵੀ ਹੈ! ਸਾਡੇ ਨਾਲ ਚੱਲ! ਅਸੀਂ ਗੰਨੇ ਖਾਣ ਜਾ ਰਹੇ ਹਾਂ।

ਅੱਪੂ: (ਮੂੰਹ ਫੁਲਾਇਆ ਹੋਇਆ) ਨਹੀਂ! ਮੈਂ ਕੁਝ ਵੀ ਖਾਣਾ ਨਹੀਂ ਚਾਹੁੰਦਾ। ਮੈਂ ਬਹੁਤ ਮੋਟਾ ਹਾਂ!



ਹੁਣ ਅੱਪੂ ਰੋਣਾ ਸ਼ੁਰੂ ਕਰ ਦਿੰਦਾ ਹੈ।

ਭਾਲੂ: ਕੀ ਇਹੀ ਤੁਹਾਡੀ ਮੁਸ਼ਕਲ ਹੈ? ਪਰ ਤੁਸੀਂ ਤਾਂ ਬਿਲਕੁਲ ਵੀ ਮੋਟੇ ਨਹੀਂ ਹੋ! ਤੁਹਾਡਾ ਸਰੀਰ ਵੱਡਾ ਅਤੇ ਮਜ਼ਬੂਤ ਹੈ, ਬਿਲਕੁਲ ਇੱਕ ਹਾਥੀ ਵਰਗਾ!

ਅੱਪੂ: (ਮੁਸਕਰਾਉਣ ਦੀ ਕੋਸ਼ਿਸ਼ ਕਰਦਾ ਹੋਇਆ) ਮੋਟਾ ਨਹੀਂ? ਪੂਰੇ ਤਿੰਨ ਦਿਨਾਂ ਤੋਂ ਮੈਂ ਕੁਝ ਨਹੀਂ ਖਾਧਾ! ਇਕ ਬੁਰਕੀ ਵੀ ਨਹੀਂ! ਫਿਰ ਵੀ ਮੇਰਾ ਵਜ਼ਨ ਘਟਿਆ ਨਹੀਂ!

ਅਚਾਨਕ ਉਹਨਾਂ ਨੂੰ ਇੱਕ ਚੀਕ ਸੁਣਾਈ ਦਿੰਦੀ ਹੈ। “ਬਚਾਓ! ਕੋਈ ਮੈਨੂੰ ਬਚਾਓ!” ਜਾਨਵਰ ਅੱਪੂ ਨੂੰ ਛੱਡ ਕੇ ਆਵਾਜ਼ ਵੱਲ ਦੌੜਦੇ ਹਨ। ਉੱਥੇ ਇੱਕ ਲੂੰਬੜੀ ਰੋ ਰਹੀ ਹੁੰਦੀ ਹੈ! ਉਹ ਡਿੱਗੇ ਹੋਏ ਦਰੱਖਤ ਹੇਠਾਂ ਫਸੀ ਹੋਈ ਹੈ!

ਲੂੰਬੜੀ: ਆਹ... ਆਹ... ਓਹੁ! ਓਹੁ!! ਕਿਰਪਾ ਕਰਕੇ ਮੈਨੂੰ ਬਚਾਓ!

ਬਾਂਦਰ, ਮੋਰ ਅਤੇ ਹਿਰਨ ਦਰੱਖਤ ਨੂੰ ਹਟਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਉਹ ਇਕ ਟਾਹਣੀ ਵੀ ਨਹੀਂ ਹਿਲਾ ਸਕਦੇ!



ਸਾਰੇ: ਵਿਚਾਰੀ ਲੂੰਬੜੀ! ਕਿਸੇ ਨਾ ਕਿਸੇ ਤਰੀਕੇ ਨਾਲ ਸਾਨੂੰ ਇਸਨੂੰ ਬਚਾਉਣਾ ਹੀ ਪਵੇਗਾ!

ਉਹ ਅੱਪੂ ਕੋਲ ਦੌੜਦੇ ਹਨ ਅਤੇ ਉਸਨੂੰ ਉਸ ਥਾਂ ਲੈ ਜਾਂਦੇ ਹਨ ਜਿੱਥੇ ਲੂੰਬੜੀ ਫਸੀ ਹੋਈ ਹੈ।

ਅੱਪੂ: (ਆਪਣੀ ਸੁੰਡ ਹਿਲਾਉਂਦਾ ਹੋਇਆ) ਤੁਸੀਂ ਸਾਰੇ ਪਾਸੇ ਹੋ ਜਾਓ! ਮੈਨੂੰ ਕੋਸ਼ਿਸ਼ ਕਰਨ ਦਿਓ!


ਅੱਪੂ ਆਪਣੀ ਸੁੰਡ ਨਾਲ ਦਰੱਖਤ ਨੂੰ ਫੁਰਤੀ ਨਾਲ ਹਟਾ ਦਿੰਦਾ ਹੈ ।

ਸਾਰੇ: ਵਾਹ! ਬਹੁਤ ਵਧੀਆ! ਵੇਖਿਆ ਅੱਪੂ! ਸਿਰਫ਼ ਤੂੰ ਹੀ ਲੂੰਬੜੀ ਨੂੰ ਬਚਾ ਸਕਦਾ ਸੀ!

ਬਾਂਦਰ: ਹੁਣ ਸਮਝ ਆਈ? ਤੇਰੇ ਵੱਡੇ ਸਰੀਰ ਦੀ ਵਜ੍ਹਾ ਨਾਲ ਤੂੰ ਜੰਗਲ ਦਾ ਸਭ ਤੋਂ ਤਾਕਤਵਰ ਜਾਨਵਰ ਹੈ!

ਅੱਪੂ: ਹਾਂ! ਹਾਂ! ਮੈਂ ਹਾਂ! ਅਤੇ ਹੁਣ ਚੱਲੋ ਖਾਣ ਲਈ—ਇੰਨਾ ਕੰਮ ਕਰਕੇ ਮੈਨੂੰ ਭੁੱਖ ਲੱਗ ਗਈ ਹੈ!

ਪਾਰੋ ਆਨੰਦ ਦੀ ਕਹਾਣੀ ਤੋਂ ਅਨੁਕੂਲਿਤ



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਸਾਡਾ ਨੇਤਾ



ਇੱਕ ਵਾਰ ਇੱਕ ਘਣਾ, ਹਨੇਰਾ ਜੰਗਲ ਸੀ। ਉੱਥੇ ਕਈ ਜਾਨਵਰ ਇਕੱਠੇ ਰਹਿੰਦੇ ਸਨ। ਉਨ੍ਹਾਂ ਦਾ ਨੇਤਾ ਇੱਕ ਸ਼ੇਰ ਸੀ।

ਸਾਰੇ ਜਾਨਵਰ ਸ਼ੇਰ ਦੀ ਇੱਜ਼ਤ ਕਰਦੇ ਸਨ। ਜਦੋਂ ਵੀ ਉਨ੍ਹਾਂ ਨੂੰ ਕੋਈ ਸਮੱਸਿਆ ਹੁੰਦੀ, ਉਹ ਉਸਦੇ ਕੋਲ ਸਲਾਹ ਲਈ ਆਉਂਦੇ ਸਨ। ਸ਼ੇਰ ਹਰ ਸਮੱਸਿਆ ਨੂੰ ਸਿਆਣਪ ਨਾਲ ਹੱਲ ਕਰਦਾ ਸੀ, ਅਤੇ ਜਾਨਵਰ ਉਸਦੇ ਫੈਸਲਿਆਂ ਨੂੰ ਖੁਸ਼ੀ-ਖੁਸ਼ੀ ਮੰਨ ਲੈਂਦੇ ਸਨ।

ਇੱਕ ਦਿਨ ਕੁਝ ਸ਼ਿਕਾਰੀ ਜੰਗਲ ਵਿੱਚ ਆ ਗਏ। ਸਾਰੇ ਜਾਨਵਰ ਡਰ ਗਏ! ਉਹ ਦੌੜ ਕੇ ਸ਼ੇਰ ਕੋਲ ਗਏ।

"ਸ਼ਿਕਾਰੀ ਆ ਰਹੇ ਹਨ! ਸ਼ਿਕਾਰੀ ਆ ਰਹੇ ਹਨ!" ਉਹਨਾਂ ਨੇ ਕਿਹਾ।

ਸ਼ੇਰ ਆਪਣੀ ਗੁਫਾ ਤੋਂ ਬਾਹਰ ਆਇਆ ਅਤੇ ਕਿਹਾ,

"ਇੱਥੇ ਹੀ ਰਹੋ। ਸ਼ਾਂਤ ਰਹੋ। ਮੈਂ ਸ਼ਿਕਾਰੀਆਂ ਨਾਲ ਲੜਾਂਗਾ ਅਤੇ ਉਹਨਾਂ ਨੂੰ ਭਜਾ ਦੇਵਾਂਗਾ।"

ਸ਼ੇਰ ਨੇ ਸ਼ਿਕਾਰੀਆਂ ਨੂੰ ਲੱਭ ਲਿਆ। ਉਹ ਗਰਜਦਾ ਹੋਇਆ ਉਹਨਾਂ ਉੱਤੇ ਝਪਟਿਆ। ਕੁਝ ਸ਼ਿਕਾਰੀ ਡਰ ਕੇ ਭੱਜ ਗਏ, ਪਰ ਕੁਝ ਉੱਥੇ ਹੀ ਰਹੇ ਅਤੇ ਲੜਨ ਲੱਗ ਪਏ।



ਉਨ੍ਹਾਂ ਨੇ ਸ਼ੇਰ ਨੂੰ ਜਖ਼ਮੀ ਕਰ ਦਿੱਤਾ! ਪਰ ਸ਼ੇਰ ਨੇ ਹਾਰ ਨਹੀਂ ਮੰਨੀ। ਆਖ਼ਿਰਕਾਰ ਉਸਨੇ ਸ਼ਿਕਾਰੀਆਂ ਨੂੰ ਹਰਾ ਦਿੱਤਾ। ਉਹ ਜਿੰਨੀ ਜਲਦੀ ਹੋ ਸਕਿਆ ਜੰਗਲ ਤੋਂ ਭੱਜ ਗਏ।

ਸਾਰੇ ਜਾਨਵਰ ਸ਼ੇਰ ਦਾ ਧੰਨਵਾਦ ਕਰਨ ਲਈ ਦੌੜੇ। ਪਰ ਇਹ ਕੀ ਸੀ? ਸ਼ੇਰ ਦਰਦ ਨਾਲ ਕੰਬ ਰਿਹਾ ਸੀ। ਉਸ ਦੀਆਂ ਲੱਤਾਂ ਟੁੱਟ ਗਈਆਂ ਸਨ! ਜਾਨਵਰਾਂ ਨੇ ਉਸਨੂੰ ਵਾਪਸ ਉਸ ਦੀ ਗੁਫਾ ਵਿੱਚ ਲੈ ਜਾ ਕੇ ਸਹਾਇਤਾ ਕੀਤੀ। ਉਹ ਚਿੰਤਿਤ ਹੋ ਕੇ ਉਡੀਕ ਕਰਨ ਲੱਗੇ ਕਿ ਸ਼ੇਰ ਠੀਕ ਹੋ ਜਾਵੇ।

ਕਈ ਦਿਨ ਬੀਤ ਗਏ। ਪਰ ਸ਼ੇਰ ਦੀਆਂ ਲੱਤਾਂ ਠੀਕ ਨਹੀਂ ਹੋਈਆਂ। ਇਸ ਲਈ ਜਾਨਵਰਾਂ ਨੇ ਉਸ ਲਈ ਇੱਕ ਵ੍ਹੀਲਚੇਅਰ (ਕੁਰਸੀ)ਲਿਆਈ। ਸ਼ੇਰ ਉਸ ਕੁਰਸੀ ‘ਤੇ ਬੈਠ ਕੇ ਹੌਲੀ-ਹੌਲੀ ਜੰਗਲ ਦਾ ਚੱਕਰ ਲਾਉਂਦਾ ਸੀ। ਜਾਨਵਰ ਹਰ ਰੋਜ਼ ਉਸ ਲਈ ਖਾਣਾ ਲਿਆਉਂਦੇ ਅਤੇ ਉਸ ਦੀ ਦੇਖਭਾਲ ਕਰਦੇ ਸਨ।

ਕੁਝ ਸਮੇਂ ਬਾਅਦ ਕੁਝ ਜਾਨਵਰ ਇਸ ਤੋਂ ਥੱਕ ਗਏ। ਉਹਨਾਂ ਨੇ ਸ਼ੇਰ ਲਈ ਖਾਣਾ ਲਿਆਉਣਾ ਬੰਦ ਕਰ ਦਿੱਤਾ। ਉਹਨਾਂ ਨੇ ਉਸ ਤੋਂ ਮਦਦ ਜਾਂ ਸਲਾਹ ਮੰਗਣੀ ਵੀ ਛੱਡ ਦਿੱਤੀ।




ਪਰ ਬਹੁਤ ਸਾਰੇ ਜਾਨਵਰ ਸ਼ੇਰ ਦੇ ਵਫ਼ਾਦਾਰ ਰਹੇ ਅਤੇ ਸ਼ੇਰ ਵੀ ਉਨ੍ਹਾਂ ਨੂੰ ਮਿਲਣ ਲਈ ਹਮੇਸ਼ਾ ਉਤਸੁਕ ਰਹਿੰਦਾ ਸੀ। ਉਹ ਧਿਆਨ ਨਾਲ ਜੰਗਲ ਦੀਆਂ ਖ਼ਬਰਾਂ ਸੁਣਦਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦਾ ਸੀ। ਉਹ ਜਿੰਨਾ ਵੀ ਕਰ ਸਕਦਾ ਸੀ, ਉਹਨਾਂ ਦੀ ਮਦਦ ਕਰਦਾ ਸੀ।

ਇੱਕ ਦਿਨ ਜੰਗਲ ਬਹੁਤ ਚੁੱਪ ਲੱਗ ਰਿਹਾ ਸੀ। ਸ਼ੇਰ ਇਕੱਲਾ ਬੈਠਾ ਸੀ। ਕੁਝ ਸਮੇਂ ਬਾਅਦ ਉਹ ਹੋਰ ਜਾਨਵਰਾਂ ਨੂੰ ਲੱਭਣ ਲਈ ਨਿਕਲ ਪਿਆ। ਉਹ ਆਪਣੀ ਵ੍ਹੀਲਚੇਅਰ ਵਿੱਚ ਹੌਲੀ-ਹੌਲੀ ਜੰਗਲ ਵਿੱਚ ਅੱਗੇ ਵੱਧਦਾ ਗਿਆ।

ਜਲਦੀ ਹੀ ਉਸਨੇ ਜਾਨਵਰਾਂ ਨੂੰ ਲੱਭ ਲਿਆ। ਉਹ ਸਾਰੇ ਇੱਕ ਥਾਂ ਇਕੱਠੇ ਹੋਏ ਸਨ। ਇਹ ਹੈਰਾਨੀ ਦੀ ਗੱਲ ਸੀ! ਉਹ ਮੀਟਿੰਗ ਕਰ ਰਹੇ ਸਨ। ਸ਼ੇਰ ਨੇ ਉਹਨਾਂ ਦੀ ਗੱਲਬਾਤ ਨੂੰ ਧਿਆਨ ਨਾਲ ਸੁਣਿਆ।

ਇੱਕ ਜਾਨਵਰ ਨੇ ਕਿਹਾ, “ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇੱਕ ਨਵਾਂ ਨੇਤਾ ਚੁਣੀਏ!”
“ਨਹੀਂ, ਨਹੀਂ!” ਦੂਜੇ ਨੇ ਕਿਹਾ।
“ਸ਼ੇਰ ਹਮੇਸ਼ਾ ਸਾਡੀਆਂ ਸਮੱਸਿਆਵਾਂ ਦਾ ਹੱਲ ਕਰਦਾ ਹੈ,” ਕਿਸੇ ਨੇ ਕਿਹਾ।



"ਪਰ ਹੁਣ ਉਸਦੇ ਕੋਲ ਪਹਿਲਾਂ ਵਰਗੀ ਤਾਕਤ ਨਹੀਂ ਰਹੀ!" ਕਿਸੇ ਹੋਰ ਨੇ ਕਿਹਾ। "ਉਹ ਸਾਨੂੰ ਖ਼ਤਰੇ ਤੋਂ ਕਿਵੇਂ ਬਚਾਏਗਾ?"

ਫਿਰ ਇੱਕ ਵੱਡੇ ਜਾਨਵਰ ਨੇ ਕਿਹਾ, "ਸ਼ੇਰ ਦਾ ਸਰੀਰ ਕਮਜ਼ੋਰ ਹੋ ਗਿਆ ਹੈ, ਪਰ ਉਸਦਾ ਮਨ ਅਜੇ ਵੀ ਮਜ਼ਬੂਤ ਹੈ। ਲੰਬੇ ਤਜਰਬੇ ਕਰਕੇ ਉਹ ਜੰਗਲ ਦੇ ਤਰੀਕੇ ਜਾਣਦਾ ਹੈ। ਇਸ ਲਈ ਉਹ ਅਜੇ ਵੀ ਮੁਸ਼ਕਲ ਸਮਿਆਂ ਵਿੱਚ ਸਾਡੀ ਰਹਿਨੁਮਾਈ ਕਰ ਸਕਦਾ ਹੈ।"

ਜਾਨਵਰਾਂ ਨੇ ਕੁਝ ਸਮੇਂ ਲਈ ਸੋਚਿਆ। ਫਿਰ ਉਹਨਾਂ ਨੇ ਫੈਸਲਾ ਕੀਤਾ ਕਿ ਸ਼ੇਰ ਨੂੰ ਹੀ ਆਪਣਾ ਨੇਤਾ ਬਣਾਈ ਰੱਖਣਗੇ।

ਸ਼ੇਰ ਨੇ ਇਹ ਗੱਲਬਾਤ ਧਿਆਨ ਨਾਲ ਸੁਣੀ ਸੀ। ਹੁਣ ਉਹ ਵਾਪਸ ਆਪਣੀ ਗੁਫਾ ਵਿੱਚ ਆ ਗਿਆ। ਉਹ ਆਪਣੀ ਵ੍ਹੀਲਚੇਅਰ ਤੇ ਚੁੱਪਚਾਪ ਬੈਠ ਗਿਆ ਅਤੇ ਉਡੀਕ ਕਰਨ ਲੱਗਾ।

ਥੋੜ੍ਹੀ ਦੇਰ ਵਿੱਚ ਕੋਈ ਇੱਕ ਸਮੱਸਿਆ ਲੈ ਕੇ ਆਇਆ। ਸ਼ੇਰ ਨੇ ਤੁਰੰਤ ਸਭ ਤੋਂ ਵਧੀਆ ਹੱਲ ਲੱਭ ਲਿਆ। ਫਿਰ ਦੋ ਖਰਗੋਸ਼ਾਂ ਵਿਚਕਾਰ ਝਗੜਾ ਹੋ ਗਿਆ। ਇਹ ਵੀ ਆਸਾਨੀ ਨਾਲ ਸੁਲਝਾ ਦਿੱਤਾ ਗਿਆ। ਕੁਝ ਸਮੇਂ ਬਾਅਦ ਕੋਈ ਹੋਰ ਉਸ ਲਈ ਖਾਣਾ ਲੈ ਕੇ ਆਇਆ।

ਹੁਣ ਦਿਨ ਆਮ ਦਿਨ ਵਾਂਗ ਬਣ ਗਏ ਅਤੇ ਜੰਗਲ ਵਿੱਚ ਫਿਰ ਤੋਂ ਸਾਂਝ ਅਤੇ ਸ਼ਾਂਤੀ ਕਾਇਮ ਹੋ ਗਈ।

(ਚੇਨਈ ਦੇ ਵਿਦਿਆ ਸਾਗਰ ਦੇ ਬੱਚਿਆਂ ਵੱਲੋਂ ਤਿਆਰ ਕੀਤੇ ਨਾਟਕ 'ਤੇ ਆਧਾਰਿਤ)



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

ਕਮਲ(ਫੁੱਲ) ਗੁੱਸੇ ਵਿੱਚ ਕਿਉਂ ਹੈ?

"ਸਾਰੀਆਂ ਮੱਖੀਆਂ ਕਿੱਥੇ ਜਾਂਦੀਆਂ ਹਨ? ਅੱਜ ਮੈਂ ਉਹਨਾਂ ਦੇ ਪਿੱਛੇ ਜਾਵਾਂਗਾ ਤੇ ਪਤਾ ਲਗਾਵਾਂਗਾ!" ਜਿਗਿਆਸਾ ਨਾਲ ਭਰੀ ਇੱਕ ਛੋਟੀ ਬੱਚੀ ਮੱਖੀ ਦੇ ਛੱਤੇ ਤੋਂ ਬਾਹਰ ਨਿਕਲੀ।

ਥੋੜ੍ਹੀ ਦੇਰ ਬਾਅਦ ਉਹ ਇੱਕ ਕਮਲ ਵਾਲੇ ਤਲਾਬ 'ਤੇ ਪਹੁੰਚੀ। ਉੱਥੇ ਉਸਨੇ ਇੱਕ ਸੋਹਣਾ ਕਮਲ ਫੁੱਲ ਵੇਖਿਆ। ਉਹ ਥੱਲੇ ਉੱਡ ਕੇ ਆਈ ਅਤੇ ਪਲੱਪ ਕਰਕੇ ਉਸ 'ਤੇ ਬੈਠ ਗਈ।

ਕਮਲ ਕੰਬ ਉੱਠਿਆ। ਫੁੱਲ ਦੀ ਇੱਕ ਪੰਖੁੜੀ ਝੜ ਗਈ। ਇਸ ਨਾਲ ਕਮਲ ਗੁੱਸੇ ਵਿੱਚ ਆ ਗਿਆ।

"ਤੇਰੇ ਲਈ ਕੋਈ ਰਸ ਨਹੀਂ!" ਉਸਨੇ ਕਿਹਾ। "ਇੱਥੋਂ ਜਾ!"

" ਕਮਲ ਮੇਰੇ ਨਾਲ ਗੁੱਸੇ ਵਿੱਚ ਕਿਉਂ ਹੈ?" ਛੋਟੀ ਮੱਖੀ ਨੇ ਸੋਚਿਆ। ਉਹ ਜਿੰਨੀ ਤੇਜ਼ ਉੱਡ ਸਕਦੀ ਸੀ ਉੱਡ ਗਈ।

ਛੋਟੀ ਮੱਖੀ ਇੱਕ ਦਰੱਖਤ ਦੀ ਟਾਹਣੀ 'ਤੇ ਆ ਕੇ ਬੈਠ ਗਈ। ਸੂਰਜ ਦੀ ਰੌਸ਼ਨੀ ਪੱਤਿਆਂ ਵਿਚੋਂ ਲੰਘ ਰਹੀ ਸੀ। ਮੱਖੀ ਨੇ ਸੂਰਜ ਦੀਆਂ ਕਿਰਨਾਂ ਵੱਲ ਤੱਕਦੇ ਹੋਏ ਕਿਹਾ,





ਸੁੰਦਰ, ਸੁੰਦਰ ਕਮਲ ਮੈਨੂੰ ਕੋਈ ਰਸ ਨਹੀਂ ਦੇਂਦਾ।

ਹੇ ਚਮਕਦਾਰ ਤੇ ਸੋਹਣੀਆਂ ਸੂਰਜ ਦੀਆਂ ਕਿਰਨਾਂਓ,

ਕੀ ਤੁਸੀਂ ਕਮਲ ਦਾ ਮਨ ਬਦਲ ਸਕਦੇ ਹੋ?



ਸੂਰਜ ਦੀਆਂ ਕਿਰਨਾਂ ਨੇ ਕਿਹਾ, "ਚਿੰਤਾ ਨਾ ਕਰ! ਅਸੀਂ ਕਮਲ ‘ਤੇ ਚਮਕਾਂਗੇ ਅਤੇ ਇਸਨੂੰ ਖੁਸ਼ ਕਰਾਂਗੇ।"

ਸੋਹਣੀਆਂ ਸੋਨੇ ਵਰਗੀਆਂ ਕਿਰਨਾਂ ਕਮਲ ਦੇ ਫੁੱਲ ‘ਤੇ ਚਮਕਣ ਲੱਗੀਆਂ। ਉਹ ਧੁੱਪ ਦਾ ਆਨੰਦ ਲੈਣ ਲੱਗਾ।

ਪਰ ਉਸਨੇ ਫਿਰ ਵੀ ਛੋਟੀ ਮੱਖੀ ਨੂੰ ਕੋਈ ਰਸ ਨਹੀਂ ਦਿੱਤਾ!



ਕਿੰਨੀ ਗਲਤ ਗੱਲ ਸੀ!

ਛੋਟੀ ਮੱਖੀ ਕੁਝ ਸਮੇਂ ਲਈ ਕਮਲ ਦੇ ਨੇੜੇ ਮੰਡਲਾਉਂਦੀ ਰਹੀ। ਫਿਰ ਉਹ ਉਦਾਸ ਹੋ ਕੇ ਉੱਡ ਗਈ।

ਹੁਣ ਹੌਲੀ-ਹੌਲੀ ਹਵਾਵਾਂ ਤਲਾਬ ਉੱਤੇ ਵੱਗਣ ਲੱਗੀਆਂ। ਛੋਟੀ ਮੱਖੀ ਨੇ ਉਹਨਾਂ ਨੂੰ ਮਹਿਸੂਸ ਕੀਤਾ ਅਤੇ ਕਿਹਾ,

ਸੁੰਦਰ, ਸੁੰਦਰ ਕਮਲ ਮੈਨੂੰ ਕੋਈ ਰਸ ਨਹੀਂ ਦੇਂਦਾ।

ਹੇ ਪਿਆਰੀ, ਨਰਮ ਹਵਾ,

ਕੀ ਤੁਸੀਂ ਇਸਦਾ ਮਨ ਬਦਲ ਸਕਦੇ ਹੋ?

ਹਵਾ ਨੇ ਜਵਾਬ ਦਿੱਤਾ, "ਚਿੰਤਾ ਨਾ ਕਰ! ਅਸੀਂ ਹੌਲੀ-ਹੌਲੀ ਕਮਲ ‘ਤੇ ਵੱਗਾਂਗੀਆਂ ਇਹ ਤਾਜ਼ਾ ਤੇ ਠੰਢਾ ਮਹਿਸੂਸ ਕਰੇਗਾ।"

ਉਹ ਫੁੱਲ ਉੱਤੇ ਹੌਲੀ-ਹੌਲੀ ਵੱਗਣ ਲੱਗੀਆਂ। ਕਮਲ ਖੁਸ਼ੀ ਨਾਲ ਆਪਣੀਆਂ ਪੰਖੁੜੀਆਂ ਹਿਲਾਉਣ ਲੱਗਾ। ਪਰ ਉਸਨੇ ਫਿਰ ਵੀ ਛੋਟੀ ਮੱਖੀ ਨੂੰ ਕੋਈ ਰਸ ਨਹੀਂ ਦਿੱਤਾ!

ਵਿਚਾਰੀ ਛੋਟੀ ਮੱਖੀ! "ਮੈਂ ਕੰਵਲ ਦੇ ਗੁੱਸੇ ਨੂੰ ਕਿਵੇਂ ਸ਼ਾਂਤ ਕਰਾਂ?" ਉਹ ਸੋਚਣ ਲੱਗੀ। ਓਦੋਂ ਹੀ ਕੁਝ ਬੱਦਲ ਆਸਮਾਨ ਵਿੱਚ ਆ ਗਏ।



ਮੱਖੀ ਨੇ ਉਹਨਾਂ ਦੀਆਂ ਛਾਵਾਂ ਵੇਖੀਆਂ ਅਤੇ ਉੱਪਰ ਵੱਲ ਤੱਕਿਆ। ਉਸਨੇ ਕਿਹਾ,



ਸੁੰਦਰ, ਸੁੰਦਰ ਕਮਲ ਮੈਨੂੰ ਕੋਈ ਰਸ
ਨਹੀਂ ਦੇਂਦਾ।
ਹੇ ਗੂੜ੍ਹੇ ਤੇ ਸੋਹਣੇ ਮੀਂਹ ਦੇ ਬੱਦਲੋ,
ਕੀ ਤੁਸੀਂ ਇਸਦਾ ਮਨ ਬਦਲ ਸਕਦੇ ਹੋ?

"ਚਿੰਤਾ ਨਾ ਕਰ," ਬੱਦਲਾਂ ਨੇ ਕਿਹਾ। "ਅਸੀਂ ਕਮਲ ‘ਤੇ ਵਰਖਾ ਕਰਾਂਗੇ ਅਤੇ ਇਸਨੂੰ ਵਧੀਆ ਨ੍ਹਾਉਣ ਦਿਆਂਗੇ।"

ਮੀਂਹ ਤਲਾਬ ‘ਤੇ ਵਰਸਿਆ। ਸਾਰੇ ਪੌਦੇ ਖੁਸ਼ ਹੋ ਗਏ ਅਤੇ ਤਾਜ਼ਗੀ ਮਹਿਸੂਸ ਕਰਨ ਲੱਗੇ। ਕਮਲ ਵੀ ਮੀਂਹ ਦੀਆਂ ਬੂੰਦਾਂ ਵਿੱਚ ਨਹਾ ਕੇ ਤਾਜ਼ਾ ਹੋ ਗਿਆ।

ਪਰ ਉਸਨੇ ਫਿਰ ਵੀ ਛੋਟੀ ਮੱਖੀ ਨੂੰ ਕੋਈ ਰਸ ਨਹੀਂ ਦਿੱਤਾ!

ਛੋਟੀ ਮੱਖੀ ਬਹੁਤ ਥੱਕ ਗਈ ਸੀ! ਉਹ ਉਦਾਸੀ ਨਾਲ ਹੌਲੀ-ਹੌਲੀ ਗੂੰਜਣ ਲੱਗੀ। ਕੁਝ ਸਮੇਂ ਬਾਅਦ ਉਸਨੇ ਇੱਕ ਉੱਲੂ ਨੂੰ ਦਰੱਖਤ ਦੀ ਟਾਹਣੀ ‘ਤੇ ਝਪਕੀ ਲੈਂਦੇ ਵੇਖਿਆ।

ਉਸਨੇ ਉੱਲੂ ਨੂੰ ਕਿਹਾ,

ਸੁੰਦਰ, ਸੁੰਦਰ ਕੰਵਲ ਮੈਨੂੰ ਕੋਈ ਰਸ ਨਹੀਂ ਦੇਂਦਾ।

ਹੇ ਸਿਆਣੇ ਤੇ ਸੋਹਣੇ ਉੱਲੂ,

ਕੀ ਤੁਸੀਂ ਇਸਦਾ ਮਨ ਬਦਲ ਸਕਦੇ ਹੋ?

ਉੱਲੂ ਨੇ ਛੋਟੀ ਮੱਖੀ ਨੂੰ ਕਿਹਾ, "ਮੇਰੇ ਨੇੜੇ ਆਓ, ਮੈਂ ਤੁਹਾਨੂੰ ਇੱਕ ਰਾਜ ਦੱਸਾਂਗਾ।"

ਛੋਟੀ ਮੱਖੀ ਉੱਲੂ ਦੇ ਨੇੜੇ ਉੱਡ ਕੇ ਆ ਗਈ। ਉੱਲੂ ਨੇ ਹੌਲੀ ਨਾਲ, ਬਹੁਤ ਨਿਮਰਤਾ ਨਾਲ ਮੱਖੀ ਦੇ ਕੰਨ ਵਿੱਚ ਕੁਝ ਕਿਹਾ।

ਹੁਣ ਛੋਟੀ ਮੱਖੀ ਉਮੀਦ ਨਾਲ ਮੁੜ ਤਲਾਬ ਵੱਲ ਉੱਡੀ। ਬਹੁਤ ਹੀ ਹੌਲੀ ਉਹ ਕਮਲ ਦੇ ਫੁੱਲ ‘ਤੇ ਬੈਠ ਗਈ। ਬਹੁਤ ਪਿਆਰ ਅਤੇ ਨਿਮਰਤਾ ਨਾਲ ਉਸਨੇ ਪੁੱਛਿਆ, "ਕੀ ਤੁਸੀਂ ਮੈਨੂੰ ਕੁਝ ਰਸ ਦਿਓਗੇ?"

ਕਮਲ ਹੁਣ ਗੁੱਸੇ ਵਿੱਚ ਨਹੀਂ ਸੀ। ਉਸਨੇ ਛੋਟੀ ਮੱਖੀ ਦਾ ਸਵਾਗਤ ਕੀਤਾ।

"ਜਿੰਨਾ ਚਾਹੁੰਦੇ ਹੋ ਲੈ ਲਓ!" ਉਸਨੇ ਕਿਹਾ।

ਛੋਟੀ ਮੱਖੀ ਨੇ ਦੁਨੀਆ ਦਾ ਸਭ ਤੋਂ ਵੱਡਾ ਰਾਜ ਸਿੱਖ ਲਿਆ ਸੀ!



© Katha Jharna 2008

P. Saraswati V. Vijayakanthi

L. S. Saraswathi S. Rajalakshmi


Publisher Rajalakshmi Srinivasan Memorial Foundation

Punjabi Ramanpreet Kaur

Artist Uma Krishnaswamy

67 ਦਾਦਾ ਜੀ ਗਾਂਧੀ

2 ਅਕਤੂਬਰ ਨੂੰ ਗਾਂਧੀ ਜੀ ਦਾ ਜਨਮ ਦਿਨ ਸੀ। ਮੈਂ ਅਤੇ ਮੇਰਾ ਛੋਟਾ ਭਰਾ ਉਨ੍ਹਾਂ ਨੂੰ "ਜਨਮਦਿਨ ਮੁਬਾਰਕ!" ਕਹਿਣ ਅਤੇ ਹਾਰ ਪਾਉਣ ਗਏ ਸੀ। ਆਸ਼ਰਮ ਵਿੱਚ ਭੀੜ ਸੀ। ਸਾਰੇ ਖਾਦੀ ਸੂਤੀ ਦੇ ਬਣੇ ਹੋਏ ਸਨ। ਖਾਦੀ ਦੀਆਂ ਬਣੀਆਂ ਟੋਪੀਆਂ ਵੀ ਸਨ! ਅਸੀਂ ਗਾਂਧੀ ਜੀ ਕੋਲ ਆਏ ਅਤੇ ਉਨ੍ਹਾਂ ਨੂੰ ਹਾਰ ਪਾਏ । ਗਾਂਧੀ ਜੀ ਮੁਸਕਰਾਏ। "ਅਗਲੀ ਵਾਰ ਕੀ ਤੁਸੀਂ ਮੇਰੇ ਲਈ ਇੱਕ ਬਹੁਤ ਵਧੀਆ ਤੋਹਫ਼ਾ ਲਿਆਓਗੇ?" ਗਾਂਧੀ ਜੀ ਨੇ ਪੁੱਛਿਆ। "ਤੁਸੀਂ ਕਿਹੜਾ ਤੋਹਫ਼ਾ ਚਾਹੁੰਦੇ ਹੋ? ਸਾਨੂੰ ਦੱਸੋ, ਦਾਦਾ ਜੀ!"




"ਮੇਰੇ ਲਈ ਇੱਕ ਮਾਲਾ ਲਿਆਓ ਜੋ ਤੁਸੀਂ ਆਪਣੇ ਹੱਥਾਂ ਨਾਲ ਕਤੇ ਹੋਏ ਧਾਗੇ ਨਾਲ ਬਣਾਈ ਹੋਵੇ। ਲਿਆਓਗੇ?" ਉਹ ਮੁਸਕੁਰਾਉਂਦੇ ਹੋਏ ਪੁੱਛਣ ਲੱਗੇ।

"ਪਰ ਸਾਨੂੰ ਚਰਖੇ ਨਾਲ ਧਾਗਾ ਕਤਣਾ ਨਹੀਂ ਆਉਂਦਾ!" ਮੇਰੇ ਛੋਟੇ ਭਰਾ ਨੇ ਕਿਹਾ। ਗਾਂਧੀ ਜੀ ਨੇ ਜਵਾਬ ਦਿੱਤਾ, "ਆਪਣੀ ਮਾਂ ਤੇ ਪਿਤਾ ਜੀ ਨੂੰ ਕਹੋ ਕਿ ਉਹ ਤੁਹਾਨੂੰ ਸਿਖਾਉਣਗੇ।"

ਘਰ ਵਾਪਸ ਆਉਂਦੇ ਹੋਏ ਮੇਰੇ ਛੋਟੇ ਭਰਾ ਨੇ ਮੈਨੂੰ ਪੁੱਛਿਆ, "ਦਾਦਾ ਗਾਂਧੀ ਸਾਨੂੰ ਕਤਣਾ ਕਿਉਂ ਸਿਖਾਉਣਾ ਚਾਹੁੰਦੇ ਹਨ?"

ਮੈਂ ਗਾਂਧੀ ਜੀ ਦੀ ਸੋਚ ਨੂੰ ਜਿੰਨਾ ਵਧੀਆ ਸਮਝਾ ਸਕਿਆ, ਸਮਝਾਇਆ। "ਖਾਦੀ ਕਪੜਾ ਬੁਣਨ ਨਾਲ ਪਿੰਡਾਂ ਦੇ ਲੋਕਾਂ ਨੂੰ ਆਪਣੇ ਪਰਿਵਾਰਾਂ ਨੂੰ ਪਾਲਣ ਦਾ ਸਾਧਨ ਮਿਲਦਾ ਹੈ। ਜੇ ਅਸੀਂ ਵਿਦੇਸ਼ ਤੋਂ ਕੱਪੜਾ ਖਰੀਦਾਂਗੇ, ਤਾਂ ਉਹਨਾਂ ਲਈ ਕੰਮ ਘੱਟ ਹੋ ਜਾਵੇਗਾ। ਇਸ ਲਈ ਦਾਦਾ ਗਾਂਧੀ ਚਾਹੁੰਦੇ ਹਨ ਕਿ ਅਸੀਂ ਧਾਗਾ ਕਤੀਏ ਅਤੇ ਖਾਦੀ ਦੇ ਕੱਪੜੇ ਪਾਈਏ ।"



ਜਦੋਂ ਅਸੀਂ ਘਰ ਪਹੁੰਚੇ, ਅਸੀਂ ਆਪਣੀ ਮਾਂ ਨੂੰ ਆਸ਼ਰਮ ਦੀ ਯਾਤਰਾ ਬਾਰੇ ਦੱਸਿਆ। ਉਸਨੇ ਗਾਂਧੀ ਜੀ ਅਤੇ ਆਜ਼ਾਦੀ ਦੀ ਲੜਾਈ ਬਾਰੇ ਹੋਰ ਵੀ ਸਮਝਾਇਆ।

"ਗਾਂਧੀ ਜੀ ਬ੍ਰਿਟਿਸ਼ ਰਾਜ ਨਾਲ ਸਾਡੀ ਆਜ਼ਾਦੀ ਲਈ ਲੜ ਰਹੇ ਹਨ। ਖਾਦੀ ਇਸ ਕੋਸ਼ਿਸ਼ ਦਾ ਮਹੱਤਵਪੂਰਨ ਹਿੱਸਾ ਹੈ," ਉਸਨੇ ਕਿਹਾ।


ਉਸੇ ਦਿਨ ਅਸੀਂ ਚਰਖਾ ਵਰਤਣਾ ਸ਼ੁਰੂ ਕਰ ਦਿੱਤਾ।

ਗਾਂਧੀ ਜੀ ਅਕਸਰ ਰੇਲ ਯਾਤਰਾ ਕਰਦੇ ਸਨ। ਉਹ ਸਾਰੇ ਭਾਰਤ ਵਿੱਚ ਘੁੰਮਦੇ ਰਹਿੰਦੇ ਸਨ। ਇੱਕ ਵਾਰ ਉਹ ਰੇਲ ਨਾਲ ਮਦੁਰਾਈ ਗਏ। ਉੱਥੇ ਉਹਨਾਂ ਨੇ ਕਈ ਲੋਕਾਂ ਨਾਲ ਗੱਲ ਕੀਤੀ ਅਤੇ ਉਹਨਾਂ ਨੂੰ ਖਾਦੀ ਵਰਤਣ ਲਈ ਪ੍ਰੇਰਿਤ ਕੀਤਾ। ਉਹਨਾਂ ਦੇ ਜਵਾਬ ਨੇ ਉਹਨਾਂ ਨੂੰ ਦੁੱਖੀ ਕਰ ਦਿੱਤਾ।

"ਅਸੀਂ ਖਾਦੀ ਖਰੀਦਣ ਲਈ ਬਹੁਤ ਗਰੀਬ ਹਾਂ," ਉਹਨਾਂ ਨੇ ਕਿਹਾ। "ਇਹ ਬਹੁਤ ਮਹਿੰਗੀ ਹੈ।"

ਮਦੁਰਾਈ ਵਿੱਚ, ਗਾਂਧੀ ਜੀ ਨੇ ਕਈ ਕਿਸਾਨਾਂ ਨੂੰ ਖੇਤਾਂ ਵਿੱਚ ਲੰਗੋਟ ਪਾ ਕੇ ਕੰਮ ਕਰਦੇ ਵੇਖਿਆ। ਉਹ ਉਹਨਾਂ ਦੀ ਗਰੀਬੀ ਦੇਖ ਕੇ ਚਿੰਤਤ ਹੋ ਗਏ।

ਇੱਕ ਦਿਨ ਉਹ ਦਰਿਆ ਵਿੱਚ ਨਹਾਉਣ ਗਏ। ਉੱਥੇ ਇੱਕ ਔਰਤ ਅਤੇ ਉਸਦਾ ਬੱਚਾ ਸੀ। ਔਰਤ ਦਰਿਆ ਵਿੱਚ ਆਪਣੀ ਸਾੜੀ ਦਾ ਅੱਧਾ ਹਿੱਸਾ ਧੋ ਰਹੀ ਸੀ। ਬਾਕੀ ਅੱਧਾ ਉਸਨੇ ਆਪਣੇ ਸਰੀਰ ‘ਤੇ ਲਪੇਟਿਆ ਹੋਇਆ ਸੀ। ਇਹ ਸਾੜੀ ਵੀ ਫਟੀ ਹੋਈ ਸੀ!



ਉਸ ਔਰਤ ਦੀ ਗਰੀਬੀ ਨੇ ਗਾਂਧੀ ਜੀ ਦੇ ਦਿਲ ਨੂੰ ਬਹੁਤ ਛੂਹਿਆ। ਉਹਨਾਂ ਨੇ ਆਪਣੀ ਸ਼ਾਲ ਉਤਾਰ ਕੇ ਉਸਨੂੰ ਦੇ ਦਿੱਤੀ। ਉਹ ਆਪਣੇ ਕੋਲ ਮੌਜੂਦ ਸਾਰੇ ਕੱਪੜਿਆਂ ਬਾਰੇ ਸੋਚਣ ਲੱਗੇ।

"ਦੇਸ਼ ਵਿੱਚ ਇੰਨੇ ਗਰੀਬ ਲੋਕ ਹੋਣ ਦੇ ਬਾਵਜੂਦ, ਮੈਂ ਕਿਵੇਂ ਕਈ ਕਿਸਮਾਂ ਦੀਆਂ ਕਮੀਜ਼ਾਂ ਪਾ ਸਕਦਾ ਹਾਂ? ਇਹ ਠੀਕ ਨਹੀਂ ਹੈ।"

ਉਹਨਾਂ ਦੇ ਮਨ ਵਿੱਚ ਇੱਕ ਤੂਫ਼ਾਨ ਚੱਲ ਰਿਹਾ ਸੀ। 22 ਸਤੰਬਰ 1921 ਨੂੰ ਉਹਨਾਂ ਨੇ ਆਪਣੇ ਆਮ ਕੱਪੜੇ ਛੱਡ ਦਿੱਤੇ ਅਤੇ ਸਿਰਫ਼ ਇੱਕ ਸਧਾਰਨ ਸਫੈਦ ਧੋਤੀ ਹੀ ਪਾਈ

ਇੱਕ ਵਾਰ ਇੱਕ ਛੋਟਾ ਲੜਕਾ ਸਾਬਰਮਤੀ ਆਸ਼ਰਮ ਵਿੱਚ ਗਾਂਧੀ ਜੀ ਨੂੰ ਮਿਲਣ ਆਇਆ।

"ਦਾਦਾ ਜੀ, ਤੁਸੀਂ ਕਮੀਜ਼ ਕਿਉਂ ਨਹੀਂ ਪਾਂਦੇ ? ਕੀ ਮੈਂ ਆਪਣੀ ਮਾਂ ਨੂੰ ਤੁਹਾਡੇ ਲਈ ਇੱਕ ਕਮੀਜ਼ ਸਿਲਾਈ ਕਰਨ ਲਈ ਕਹਾਂ?" ਉਸਨੇ ਪੁੱਛਿਆ।

ਗਾਂਧੀ ਜੀ ਮੁਸਕੁਰਾਏ ਅਤੇ ਕਿਹਾ, "ਤੁਹਾਡੀ ਮਾਂ ਮੇਰੇ ਲਈ ਕਿੰਨੀਆਂ ਕਮੀਜ਼ਾਂ ਸੀ ਸਕਦੀ ਹੈ?"

"ਦੱਸੋ ਦਾਦਾ ਜੀ, ਤੁਹਾਨੂੰ ਕਿੰਨੀਆਂ ਕਮੀਜ਼ਾਂ ਚਾਹੀਦੀਆਂ ਹਨ? ਮੈਂ ਉਸਨੂੰ ਉਹ ਸਾਰੀਆਂ ਬਣਾਉਣ ਲਈ ਕਹਾਂਗਾ।"

ਗਾਂਧੀ ਜੀ ਨੇ ਕਿਹਾ, "ਮੇਰੇ 40,00,00,000 ਭਰਾ ਅਤੇ ਭੈਣਾਂ ਹਨ। ਜਦੋਂ ਉਹਨਾਂ ਕੋਲ ਕਮੀਜ਼ਾਂ ਨਹੀਂ, ਤਾਂ ਮੈਂ ਕਿਵੇਂ ਕਮੀਜ਼ ਪਾ ਸਕਦਾ ਹਾਂ?" ਉਹਨਾਂ ਨੇ ਪਿਆਰ ਨਾਲ ਪੁੱਛਿਆ।



Publisher Rajalakshmi Srinivasan Memorial Foundation

P. Saraswati V. Vijayakanthi

Punjabi Ramanpreet Kaur

L. S. Saraswathi S. Rajalakshmi

Artist Uma Krishnaswamy

ਪਾਣੀ ਦੀ ਬੂੰਦ ਦਾ ਸਫ਼ਰ




ਇੱਕ ਵਾਰ ਮਿੱਟੀ ਦਾ ਇੱਕ ਘੜਾ ਧੁੱਪ ਵਿੱਚ ਪਿਆ ਸੀ। ਉਸ ਵਿੱਚ ਪਾਣੀ ਨੱਕੋ-ਨੱਕ ਭਰਿਆ ਹੋਇਆ ਸੀ। ਪਾਣੀ ਦੀ ਇੱਕ ਬੂੰਦ ਸਤ੍ਹਾ 'ਤੇ ਤੈਰ ਕੇ ਆ ਗਈ। ਬੂੰਦ ਨੇ ਸੂਰਜ ਦੀਆਂ ਕਿਰਨਾਂ ਨੂੰ ਮਹਿਸੂਸ ਕੀਤਾ। ਇਸ ਨੇ ਰੋਸ਼ਨੀ ਵੱਲ ਉੱਪਰ ਉੱਠਣ ਲਈ ਜ਼ੋਰ ਲਾਇਆ। ਘੜੇ ਦੇ ਕਿਨਾਰੇ ਦੇ ਨਾਲ-ਨਾਲ ਆਪਣੇ ਆਪ ਨੂੰ ਦਬਾਉਂਦੇ ਅਤੇ ਖਿੱਚਦੇ ਹੋਏ, ਇਹ ਘੜੇ ਦੇ ਬੰਨ੍ਹੇ (ਕਿਨਾਰੇ) ਤੋਂ ਉੱਪਰ ਉੱਠ ਗਈ! ਇੱਕ ਪਲ ਲਈ ਬੂੰਦ ਨੂੰ ਡਰ ਲੱਗਿਆ। ਫਿਰ ਉਸ ਨੇ ਸੂਰਜ ਵੱਲ ਵੇਖਿਆ! ਉਹ ਖੁਸ਼ੀ-ਖੁਸ਼ੀ ਜਲ-ਵਾਸ਼ਪ ਬਣ ਕੇ ਅਸਮਾਨ ਵੱਲ ਉੱਡ ਗਈ।





ਬੂੰਦ ਵਾਸ਼ਪ ਦੇ ਰੂਪ ਵਿੱਚ ਉੱਪਰ ਵੱਲ ਉੱਡਦੀ ਗਈ ਅਤੇ ਫਿਰ ਕੁਝ ਚਿੱਟੇ ਨਰਮ ਬੱਦਲਾਂ ਵਿੱਚ ਜਾ ਕੇ ਸੰਘਣੀ (ਬੂੰਦ ਬਣ ਗਈ) ਹੋ ਗਈ। ਉਸ ਨੇ ਆਪਣੇ ਆਲੇ-ਦੁਆਲੇ ਦੀਆਂ ਹੋਰ ਬੂੰਦਾਂ ਵੱਲ ਵੇਖਿਆ। ਉਹ ਸਾਰੀਆਂ ਇਸੇ ਤਰ੍ਹਾਂ ਅਸਮਾਨ ਵਿੱਚ ਉੱਠੀਆਂ ਸਨ। ਉਸ ਨੇ ਸਭ ਤੋਂ ਨਜ਼ਦੀਕੀ ਬੂੰਦਾਂ ਨੂੰ ਪੁੱਛਿਆ ਕਿ ਸੂਰਜ ਤੱਕ ਕਿਵੇਂ ਪਹੁੰਚਣਾ ਹੈ। ਪਰ ਕਿਸੇ ਨੂੰ ਨਹੀਂ ਪਤਾ ਸੀ। ਬੂੰਦ ਕਈ ਦਿਨਾਂ ਤੱਕ ਬੱਦਲਾਂ ਵਿੱਚ ਭਟਕਦੀ ਰਹੀ। ਉਹ ਇੱਧਰ-ਉੱਧਰ ਘੁੰਮਦੀ ਰਹੀ। ਇੱਕ ਦਿਨ ਉਸ ਨੇ ਇੱਕ ਨਵਾਂ ਬੱਦਲ ਆਉਂਦਾ ਵੇਖਿਆ। ਇਹ ਬੱਦਲ ਚਿੱਟਾ ਅਤੇ ਨਰਮ ਨਹੀਂ ਸੀ। ਇਹ ਬਹੁਤ ਵੱਡਾ, ਭਾਰੀ ਅਤੇ ਕਾਲਾ ਬੱਦਲ ਸੀ। ਬੂੰਦ ਨੇ ਛਾਲ ਮਾਰੀ ਅਤੇ ਉਸ ਨਵੇਂ ਬੱਦਲ ਵਿੱਚ ਚਲੀ ਗਈ।






ਉਸ ਰਾਤ ਕਾਲੇ ਬੱਦਲ ਬੇਚੈਨ ਸਨ। ਉਹ ਮਰੋੜੀਆਂ ਖਾ ਰਿਹਾ ਸੀ ਅਤੇ ਪਾਸੇ ਬਦਲ ਰਿਹਾ ਸੀ। ਉਹ ਬਿਜਲੀ ਦੀ ਗੜਗੜਾਹਟ ਨਾਲ ਕੰਬ ਰਿਹਾ ਸੀ। ਪਾਣੀ ਦੀ ਬੂੰਦ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਜਗ੍ਹਾ 'ਤੇ ਆ ਗਈ ਹੈ।

ਉੱਠਦੀ ਹੋਈ ਹਵਾ ਨੇ ਬੂੰਦ ਨੂੰ ਬੱਦਲ ਵਿੱਚੋਂ ਬਾਹਰ ਉਡਾ ਦਿੱਤਾ। ਉਹ ਮੀਂਹ ਦੀਆਂ ਬੂੰਦਾਂ ਦੇ ਤੇਜ਼ ਵਹਾਅ ਦੇ ਵਿਚਕਾਰ ਡਿੱਗ ਪਈ। ਬਿਜਲੀ ਚਮਕੀ! ਮੀਂਹ ਦੀਆਂ ਬੂੰਦਾਂ ਇੱਕ ਤੇਜ਼ ਨਦੀ ਵਿੱਚ ਜਾ ਡਿੱਗੀਆਂ।

ਬੂੰਦ ਨੇ ਨਦੀ ਦੇ ਪਾਣੀ ਨੂੰ ਉੱਪਰ-ਹੇਠਾਂ ਹੁੰਦੇ ਮਹਿਸੂਸ ਕੀਤਾ। ਅਚਾਨਕ ਉਹ ਪਹਾੜ ਦੇ ਕਿਨਾਰੇ ਤੋਂ ਹੇਠਾਂ ਸੁੱਟ ਦਿੱਤੀ ਗਈ! ਨਦੀ ਪਹਾੜਾਂ ਦੇ ਨਾਲ-ਨਾਲ ਹੇਠਾਂ ਵੱਲ ਵਹਿਣ ਲੱਗੀ। ਇਹ ਚੱਟਾਨਾਂ ਵਿੱਚੋਂ ਤੇਜ਼ੀ ਨਾਲ ਨਿਕਲ ਰਹੀ ਸੀ। ਚਿੱਟਾ ਪਾਣੀ ਹਵਾ ਵਿੱਚ ਉੱਡ ਰਿਹਾ ਸੀ! ਫਿਰ, ਨਦੀ ਸਥਿਰਤਾ ਨਾਲ ਅੱਗੇ ਵਧਣ ਲੱਗੀ।




ਬੂੰਦ ਨੇ ਆਪਣੇ ਨੇੜੇ ਦੀਆਂ ਹੋਰ ਬੂੰਦਾਂ ਨੂੰ ਪੁੱਛਿਆ ਕਿ ਧਾਰਾ (ਨਦੀ) ਕਿੱਧਰ ਜਾ ਰਹੀ ਹੈ। ਉਨ੍ਹਾਂ ਕਿਹਾ, "ਇਹ ਵੱਡੀ ਨਦੀ ਵਿੱਚ ਸ਼ਾਮਲ ਹੋਣ ਲਈ ਦੌੜ ਰਹੀ ਹੈ।"

ਅਤੇ ਉੱਥੇ ਹੀ ਉਹ ਸੀ, ਮਹਾਨ ਨਦੀ। ਇਹ ਚੌੜੀ ਅਤੇ ਨਕਾ-ਨੱਕ ਭਰੀ ਹੋਈ ਸੀ। ਦੋਵਾਂ ਕਿਨਾਰਿਆਂ 'ਤੇ ਦਰੱਖਤ ਝੁਕੇ ਹੋਏ ਸਨ। ਪਰਛਾਵਿਆਂ ਵਿੱਚੋਂ ਸੂਰਜ ਦੀਆਂ ਕਿਰਨਾਂ ਨਾਲ ਚਮਕਦੇ ਫੁੱਲ ਝਲਕ ਰਹੇ ਸਨ।

ਬੂੰਦ ਖੁਸ਼ੀ ਵਿੱਚ ਵੇਖਦੀ ਰਹੀ। ਇਸਨੇ ਪਾਣੀ ਦੀ ਤੇਜ਼ ਗਤੀ ਦਾ ਆਨੰਦ ਲਿਆ। ਇਹ ਯਾਤਰਾ ਦਾ ਕਿੰਨਾ ਆਨੰਦ ਲੈ ਰਹੀ ਸੀ! ਪਰ ਇਹ , ਇਹ ਵੀ ਜਾਣਦੀ ਸੀ ਕਿ ਯਾਤਰਾ ਜ਼ਿਆਦਾ ਦੇਰ ਨਹੀਂ ਚੱਲੇਗੀ।

ਹੁਣ, ਨਦੀ ਸਮੁੰਦਰ ਵਿੱਚ ਵਹਿ ਗਈ। ਸਮੁੰਦਰ ਦੇ ਪਾਣੀ ਨੇ ਬੂੰਦ ਨੂੰ ਆਪਣੇ ਵਿੱਚ ਲੈ ਲਿਆ। ਲਹਿਰਾਂ ਦੇ ਹੇਠਾਂ ਤੋਂ, ਬੂੰਦ ਨੇ ਆਕਾਸ਼ ਵੱਲ ਦੇਖਿਆ। ਆਹ! ਰੂੰ ਵਰਗੇ ਚਿੱਟੇ ਬੱਦਲ ਮੰਡਰਾ ਰਹੇ ਸਨ। ਬੂੰਦ ਨੂੰ ਯਾਦ ਆਇਆ ਕਿ ਕਿਵੇਂ ਉਹ ਮਿੱਟੀ ਦੇ ਘੜੇ ਵਿੱਚੋਂ ਉੱਠ ਕੇ ਉਨ੍ਹਾਂ ਰੂੰ ਵਰਗੇ ਚਿੱਟੇ ਬੱਦਲਾਂ ਵਿੱਚ ਸ਼ਾਮਲ ਹੋਈ ਸੀ। ਹੁਣ, ਇਸਨੇ ਸੂਰਜ ਵੱਲ ਦੇਖਿਆ।

ਅਚਾਨਕ ਬੂੰਦ ਨੂੰ ਪਤਾ ਲੱਗ ਗਿਆ ਕਿ ਉਸਨੂੰ ਕੀ ਕਰਨਾ ਹੈ। ਇਹ ਪਾਣੀ ਦੀ ਸਤ੍ਹਾ 'ਤੇ ਰੀਂਗਦੀ ਹੋਈ ਆਈ। ਉੱਪਰ ਵੱਲ ਜ਼ੋਰ ਲਾਉਂਦੇ ਹੋਏ, ਇਹ ਨਿੱਘੀ ਧੁੱਪ ਨੂੰ ਮਿਲੀ। ਇੱਕ ਵਾਰ ਫਿਰ, ਇਹ ਜਲ-ਵਾਸ਼ਪ (ਭਾਫ਼) ਦੇ ਰੂਪ ਵਿੱਚ ਅਸਮਾਨ ਵਿੱਚ ਉੱਠ ਗਈ।





ਹੁਣ ਬੂੰਦ ਧਿਆਨ ਨਾਲ ਸੂਰਜ ਵੱਲ ਤੱਕਣ ਲੱਗੀ ਅਤੇ ਜਦੋਂ ਰਾਤ ਪਈ, ਤਾਂ ਉਹ ਤਾਰਿਆਂ ਦੀ ਚਮਕ ਵਿੱਚ ਨਹਾ ਰਿਹਾ ਸੀ। ਇੱਕ ਦਿਨ ਬੂੰਦ ਨੇ ਧਰਤੀ ਵੱਲ ਹੇਠਾਂ ਵੇਖਿਆ। ਉਸਨੇ ਉਹ ਸਮੁੰਦਰ ਦੇਖਿਆ ਜਿੱਥੋਂ ਉਹ ਪੈਦਾ ਹੋਈ ਸੀ। ਉਸਨੇ ਨਦੀ ਦੇ ਤੇਜ਼ ਵਹਿਣ ਨੂੰ ਦੇਖਿਆ। ਜੋ ਕੁਝ ਵੀ ਉਸਨੇ ਲੰਘਾਇਆ ਸੀ ਉਹ ਉਸਦੇ ਸਾਹਮਣੇ ਚਮਕ ਰਿਹਾ ਸੀ। ਛੋਟੇ ਬੱਦਲ ਬੂੰਦ ਦੇ ਆਲੇ-ਦੁਆਲੇ ਇਕੱਠੇ ਹੋਣ ਲੱਗੇ। ਉਹ ਆਪਣੇ ਆਪ ਨੂੰ ਉੱਪਰ ਵੱਲ ਖਿੱਚ ਕੇ ਅਸਮਾਨ ਦੇ ਸਭ ਤੋਂ ਉੱਚੇ ਬਿੰਦੂ 'ਤੇ ਪਹੁੰਚ ਗਈ। ਫਿਰ ਉਹ ਧੁੰਦ ਵਿੱਚ ਘੁਲ ਗਈ। ਧੁੰਦ ਫੈਲ ਗਈ ਅਤੇ ਆਲੇ-ਦੁਆਲੇ ਦੀ ਹਵਾ ਨਾਲ ਮਿਲ ਗਈ।

(ਕ੍ਰਿਸਟੋਫਰ ਈ. ਜੋਨਸ ਦੀ ਕਿਤਾਬ *"One Drop of Water"* ਤੋਂ ਅਨੁਕੂਲਿਤ)

© Katha Jharna 2008


P. Saraswati — V. Vijayakanthi
L. S. Saraswathi — S. Rajalakshmi


Publisher Rajalakshmi Srinivasan Memorial Foundation

Punjabi Ramanpreet Kaur

Artist Uma Krishnaswamy

ਸੂਰਜ ਨਾਲ ਖੇਡਣ ਵਾਲਾ ਬੱਚਾ







ਜਦੋਂ ਹਨੂਮਾਨ ਛੋਟੇ ਸਨ, ਉਹ ਬਹੁਤ ਸ਼ਰਾਰਤੀ ਬਾਂਦਰ ਸਨ। ਉਹ ਹਰ ਚੀਜ਼ ਨੂੰ ਖੇਡ ਸਮਝਦੇ ਸਨ! ਉਸਦੀ ਮਾਂ ਅੰਜਨਾ ਉਸਨੂੰ ਕਾਬੂ ਨਹੀਂ ਕਰ ਸਕੀ।



ਇੱਕ ਵਾਰ ਹਨੂਮਾਨ ਨੇ ਆਪਣਾ ਚਿਹਰਾ 'ਤੇ ਸੂਰਜ ਦੀ ਰੌਸ਼ਨੀ ਦੀ ਕਿਰਨ ਵੇਖੀ। ਉਸਨੇ ਆਸਮਾਨ ਵੱਲ ਵੇਖਿਆ। ਉੱਥੇ ਸੂਰਜ ਸੀ! ਉਹ ਇੱਕ ਵੱਡੇ ਲਾਲ ਫਲ ਵਰਗਾ ਲੱਗ ਰਿਹਾ ਸੀ।

ਉੱਪਰ, ਉੱਪਰ, ਉੱਪਰ, ਉਹ ਛਾਲ ਮਾਰ ਕੇ ਸੂਰਜ ਨੂੰ ਫੜਨ ਲੱਗਾ।

"ਮੈਂ ਤੈਨੂੰ ਖਾ ਜਾਵਾਂਗਾ!" ਉਸਨੇ ਕਿਹਾ।



ਸੂਰਜ ਖੁਸ਼ ਨਹੀਂ ਸੀ। ਉਹ ਬਚ ਕੇ ਜਾਣ ਦੀ ਕੋਸ਼ਿਸ਼ ਕਰਨ ਲੱਗਾ। ਪਰ ਹਨੁਮਾਨ ਨੇ ਪੂਰੇ ਆਸਮਾਨ ਵਿੱਚ ਉਸਦਾ ਪਿੱਛਾ ਕੀਤਾ। ਦਿਨ ਰਾਤ ਵਿੱਚ ਬਦਲ ਗਿਆ ਅਤੇ ਰਾਤ ਦਿਨ ਵਿੱਚ। ਸ਼ਿਕਾਰ ਹਨੁਮਾਨ ਲਈ ਕਿੰਨੀ ਮਜ਼ੇਦਾਰ ਖੇਡ ਸੀ!

ਸੂਰਜ ਨੂੰ ਪਤਾ ਸੀ ਕਿ ਉਸਨੂੰ ਮਦਦ ਦੀ ਲੋੜ ਹੈ। ਉਸਨੇ ਇੰਦਰ ਨੂੰ ਬੁਲਾਇਆ। ਜਦੋਂ ਇੰਦਰ ਨੇ ਵੇਖਿਆ ਕਿ ਕੀ ਹੋ ਰਿਹਾ ਹੈ, ਉਹ ਬਹੁਤ ਗੁੱਸੇ ਵਿੱਚ ਆ ਗਿਆ। ਉਸਨੇ ਬਿਜਲੀ ਦੀ ਚਮਕ ਨਾਲ ਹਨੁਮਾਨ ਨੂੰ ਮਾਰ ਦਿੱਤਾ! ਹਨੁਮਾਨ ਸਾਹ ਨਹੀਂ ਲੈ ਰਿਹਾ ਸੀ। ਉਹ ਡਿੱਗਣ ਲੱਗਾ।

ਹਨੁਮਾਨ ਦੇ ਦੈਵੀ ਪਿਤਾ,ਵਾਯੂ, ਨੇ ਉਸਨੂੰ ਹਵਾ ਵਿੱਚ ਫੜ ਲਿਆ। "ਤੂੰ ਇੱਕ ਛੋਟੇ ਬੱਚੇ ਨੂੰ ਇਸ ਤਰ੍ਹਾਂ ਕਿਵੇਂ ਮਾਰ ਸਕਦਾ ਹੈ?" ਉਹ ਇੰਦਰ ਨੂੰ ਗੁੱਸੇ ਨਾਲ ਕਹਿ ਰਿਹਾ ਸੀ।

ਵਾਯੂ ਦੇਵ ਨੇ ਹੁਣ ਇੱਕ ਡੂੰਘਾ ਸਾਹ ਲਿਆ ਅਤੇ ਦੁਨੀਆ ਵਿੱਚੋਂ ਸਾਰੀ ਹਵਾ ਸੋਖ ਲਈ (ਖਿੱਚ ਲਈ)। ਧਰਤੀ ਉੱਤੇ ਚੱਕਰਵਾਤ, ਤੂਫਾਨ ਆਉਣ ਲੱਗੇ। ਸਾਰੇ ਲੋਕ ਡਰ ਗਏ। ਉਹ ਘਬਰਾਹਟ ਵਿੱਚ ਭੱਜਣ ਲੱਗੇ।

ਫਿਰ ਵਾਯੂ ਨੇ ਕਿਹਾ, "ਮੇਰੇ ਪੁੱਤਰ ਨੂੰ ਸਾਹ ਦੇ ਦਿਓ, ਤਾਂ ਮੈਂ ਦੁਨੀਆਂ ਨੂੰ ਸਾਹ ਵਾਪਸ ਕਰ ਦਿਆਂਗਾ।"



ਉਹ ਹਨੂੰਮਾਨ ਨੂੰ ਡੂੰਘਾਈ ਵਿੱਚ ਲੈ ਗਿਆ ਅਤੇ ਉਡੀਕ ਕੀਤੀ।

ਹਵਾਵਾਂ ਰੁਕ ਗਈਆਂ ਸਨ। ਦਰੱਖਤ, ਫੁੱਲ, ਬੂਟੇ, ਲੋਕ ਅਤੇ ਜਾਨਵਰ – ਸਾਰੇ ਜੀਵ – ਸਾਹ ਲੈਣ ਲਈ ਤੜਫ ਰਹੇ ਸਨ।

ਜਲਦੀ ਹੀ ਕਿਤੇ ਵੀ ਕੋਈ ਆਵਾਜ਼ ਨਹੀਂ ਰਹੀ। ਹਵਾ ਤੋਂ ਬਿਨਾਂ, ਧਰਤੀ ਮਰ ਰਹੀ ਸੀ। ਦੇਵਤੇ ਘਬਰਾ ਗਏ। "ਕਿਰਪਾ ਕਰਕੇ ਇੰਦਰ ਨੂੰ ਮਾਫ਼ ਕਰ ਦਿਓ," ਉਹਨਾਂ ਨੇ ਕਿਹਾ, ਅਤੇ ਹਨੂੰਮਾਨ ਵਿੱਚ ਦੁਬਾਰਾ ਜਾਨ ਪਾ ਦਿੱਤੀ। ਉਹਨਾਂ ਨੇ ਹਨੁਮਾਨ ਨੂੰ ਸੁਰੱਖਿਅਤ ਰੱਖਣ ਲਈ ਤੋਹਫ਼ੇ ਵੀ ਦਿੱਤੇ:

"ਗੜਗੜਾਹਟ ਅਤੇ ਬਿਜਲੀ ਤੁਹਾਨੂੰ ਕਦੇ ਨਹੀਂ ਨੁਕਸਾਨ ਪਹੁੰਚਾਏਗੀ!"

"ਤੁਸੀਂ ਜਿੱਥੇ ਵੀ ਜਾਣਾ ਚਾਹੋ ਉਡ ਸਕਦੇ ਹੋ!"

"ਤੁਸੀਂ ਆਪਣਾ ਆਕਾਰ ਅਤੇ ਰੂਪ ਆਪਣੀ ਇੱਛਾ ਅਨੁਸਾਰ ਬਦਲ ਸਕਦੇ ਹੋ!"

ਇਸ ਤਰ੍ਹਾਂ ਹਨੁਮਾਨ ਨੂੰ ਵਿਸ਼ੇਸ਼ ਸ਼ਕਤੀਆਂ ਨਾਲ ਅਸ਼ੀਰਵਾਦ ਦਿੱਤਾ ਗਿਆ।





ਪਰ ਵਾਯੂ ਸੰਤੁਸ਼ਟ ਨਹੀਂ ਸੀ। "ਕੀ ਮੇਰਾ ਪੁੱਤਰ ਇਹ ਵਿਸ਼ੇਸ਼ ਸ਼ਕਤੀਆਂ ਵਰਤ ਸਕੇਗਾ? ਬਿਨਾਂ ਬੁੱਧੀ ਦੇ ਇਹ ਬੇਕਾਰ ਹਨ," ਉਸਨੇ ਦੇਵਤਿਆਂ ਨੂੰ ਕਿਹਾ।

"ਚਿੰਤਾ ਨਾ ਕਰੋ!" ਦੇਵਤਿਆਂ ਨੇ ਕਿਹਾ। "ਹਨੂਮਾਨ ਆਪਣੀ ਬੁੱਧੀ ਅਤੇ ਸ਼ਰੀਰਕ ਸ਼ਕਤੀਆਂ ਲਈ ਦੋਹਾਂ ਲਈ ਪ੍ਰਸਿੱਧ ਹੋਵੇਗਾ!"

ਅਖ਼ਿਰਕਾਰ ਵਾਯੂ ਨੇ ਸਾਹ ਛੱਡਿਆ। ਹੌਲੀ-ਹੌਲੀ ਹਵਾਵਾਂ ਵੱਗਣ ਲੱਗੀਆਂ। ਧਰਤੀ ‘ਤੇ ਸਾਰੇ ਲੋਕ, ਜਾਨਵਰ ਅਤੇ ਪੌਦੇ ਮੁੜ ਜੀਵਨ ਵਿੱਚ ਆ ਗਏ।



Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy

70


ਤਿੰਨ ਖੰਭ

ਇੱਕ ਦਿਨ ਇੱਕ ਸਾਧੂ ਨੇ ਆਪਣੇ ਚੇਲੇ ਨੂੰ ਕਿਹਾ, "ਅੱਜ ਤੈਨੂੰ ਜੰਗਲ ਵਿੱਚ ਜਾ ਕੇ ਜੜ੍ਹੀਆਂ ਬੂਟੀਆਂ ਇਕੱਠੀਆਂ ਕਰਨੀਆਂ ਚਾਹੀਦੀਆਂ ਹਨ। ਇਹ ਤਿੰਨ ਖੰਭ ਆਪਣੇ ਨਾਲ ਲੈ ਲੈ। ਇਹ ਤੈਨੂੰ ਖਤਰੇ ਤੋਂ ਬਚਾਉਣਗੇ"। ਉਸਨੇ ਚੇਲੇ ਨੂੰ ਤਿੰਨ ਖੰਭ ਦਿੱਤੇ।

ਚੇਲਾ ਜੰਗਲ ਵਿੱਚ ਘੁੰਮਦਾ ਹੋਇਆ ਜੜ੍ਹੀਆਂ ਬੂਟੀਆਂ ਇਕੱਠੀਆਂ ਕਰਨ ਲੱਗਾ। ਕੁਝ ਘੰਟਿਆਂ ਬਾਅਦ ਉਹ ਬਹੁਤ ਥੱਕ ਗਿਆ। ਉਸਨੇ ਕੁਝ ਦੇਰ ਅਰਾਮ ਕਰਨ ਦਾ ਫੈਸਲਾ ਕੀਤਾ। ਅਚਾਨਕ ਇੱਕ ਆਵਾਜ਼ ਨੇ ਉਸਨੂੰ ਪੁਕਾਰਿਆ, "ਬੱਚੇ! ਮੇਰੇ ਨਾਲ ਘਰ ਆਓ। ਮੈਂ ਤੁਹਾਡੇ ਲਈ ਵਧੀਆ ਭੋਜਨ ਬਣਾਵਾਂਗਾ, ਫਿਰ ਤੁਸੀਂ ਜਿੰਨਾ ਚਾਹੋ ਅਰਾਮ ਕਰ ਸਕਦੇ ਹੋ।"

ਇਹ ਆਵਾਜ਼ ਇੱਕ ਗਿੱਠੇ ਕੱਦ ਦੀ ਬੁਜ਼ੁਰਗ ਔਰਤ ਦੀ ਸੀ। ਉਹ ਮਿੱਠੀ ਮੁਸਕਾਨ ਨਾਲ ਉਸਨੂੰ ਦੇਖ ਰਹੀ ਸੀ। ਉਹ ਬੁਜ਼ੁਰਗ ਔਰਤ ਲੜਕੇ ਨੂੰ ਇੱਕ ਵੱਡੇ ਮੱਹਲ ਵੱਲ ਲੈ ਗਈ। ਇਸਦੇ ਮੀਨਾਰ ਅਸਮਾਨ ਵੱਲ ਚੜ੍ਹਦੇ ਹੋਏ ਲੱਗਦੇ ਸਨ। "ਮੈਨੂੰ ਨਹੀਂ ਪਤਾ ਸੀ ਕਿ ਜੰਗਲ ਵਿੱਚ ਐਨੀ ਵੱਡੀਆਂ ਚੀਜ਼ਾਂ ਹਨ!" ਲੜਕੇ ਨੇ ਸੋਚਿਆ। ਉਹ ਉਸ ਦੇ ਪਿੱਛੇ-ਪਿੱਛੇ ਅੰਦਰ ਦਾਖਲ ਹੋਇਆ।

ਪਰ ਫਿਰ, "ਹਾ ਹਾ ਹਾ!" ਛੋਟੀ ਔਰਤ ਦੀ ਥਾਂ ਹੁਣ ਇੱਕ ਡਰਾਉਣਾ ਜਾਦੂਗਰ ਖੜਾ ਸੀ!



"ਤੁਹਾਡੇ ਲਈ ਭੋਜਨ?" ਜਾਦੂਗਰ ਹੱਸਿਆ। "ਮੇਰੇ ਲਈ ਇੱਕ ਸਵਾਦਿਸ਼ਟ ਖਾਣਾ!"

ਚੇਲਾ ਕੰਬਣ ਲੱਗਾ। ਕੀ ਕਿਤੇ ਬਚਣ ਦਾ ਰਸਤਾ ਸੀ?

ਫਿਰ ਉਸਨੂੰ ਤਿੰਨ ਖੰਭਾਂ ਦੀ ਯਾਦ ਆਈ । ਉਸਨੇ ਇੱਕ ਯੋਜਨਾ ਬਣਾਈ। ਉਸ ਜਾਦੂਗਰ ਨੂੰ ਕਿਹਾ, "ਮੈਨੂੰ ਹੁਣ ਨਾ ਖਾਓ, ਮੈਂ ਗੰਦਾ ਹਾਂ। ਪਹਿਲਾਂ ਮੈਨੂੰ ਨਹਾਉਂਣ ਦਿਓ। ਮੈਂ ਸਾਫ ਸੁਥਰਾ ਹੋ ਕੇ ਤੁਹਾਡੇ ਕੋਲ ਵਾਪਸ ਆਵਾਂਗਾ!"



ਗੁਸਲਖਾਨੇ ਵਿੱਚ ਚੇਲੇ ਨੇ ਇੱਕ ਖੰਭ ਨੂੰ ਫਰਸ਼ 'ਤੇ ਸੁੱਟਿਆ ਅਤੇ ਕਿਹਾ, "ਜਦੋਂ ਵੀ ਜਾਦੂਗਰ ਬੁਲਾਵੇ, ਮੇਰੇ ਵਾਂਗ ਜਵਾਬ ਦਿਓ " ਫਿਰ ਉਹ ਖਿੜਕੀ ਤੋਂ ਛਾਲ ਮਾਰ ਕੇ ਬੜੀ ਤੇਜ਼ੀ ਨਾਲ ਭੱਜਿਆ।


ਥੋੜ੍ਹੇ ਸਮੇਂ ਬਾਅਦ ਜਾਦੂਗਰ ਨੇ ਚੇਲੇ ਨੂੰ ਅਵਾਜ ਦਿੱਤੀ। ਜਵਾਬ ਆਇਆ, "ਮੈਂ ਤੁਰੰਤ ਆ ਰਿਹਾ ਹਾਂ!" ਪਰ ਕੋਈ ਚੇਲਾ ਗੁਸਲਖਾਨੇ ਤੋਂ ਬਾਹਰ ਨਹੀਂ ਆਇਆ।

ਜਦੋਂ ਜਾਦੂਗਰ ਨੇ ਫਿਰ ਬੁਲਾਇਆ, ਉਹੀ ਜਵਾਬ ਆਇਆ। ਪਰ ਫਿਰ ਵੀ ਚੇਲਾ ਬਾਹਰ ਨਹੀਂ ਆਇਆ! ਭੁੱਖੇ ਜਾਦੂਗਰ ਨੂੰ ਹੋਰ ਇੰਤਜ਼ਾਰ ਕਰਨ ਦਾ ਧੀਰਜ ਨਹੀਂ ਸੀ। ਉਸਨੇ ਆਪਣੀਆਂ ਜਾਦੂਈ ਸ਼ਕਤੀਆਂ ਨਾਲ ਦਰਵਾਜ਼ਾ ਤੋੜ ਦਿੱਤਾ। ਗੁਸਲਖਾਨਾ ਖਾਲੀ ਸੀ!

ਜਾਦੂਗਰ ਗੁੱਸੇ ਨਾਲ ਕੰਬਣ ਲੱਗਾ। ਉਹ ਮਹੱਲ ਤੋਂ ਬਾਹਰ ਦੌੜਿਆ ਅਤੇ ਚੀਕਿਆ, "ਮੈਂ ਤੈਨੂੰ ਫੜ ਲਵਾਂਗਾ!"

ਚੇਲੇ ਨੇ ਪਿੱਛੇ ਜਾਦੂਗਰ ਦੀ ਆਵਾਜ਼ ਸੁਣੀ। ਉਸਨੇ ਇੱਕ ਹੋਰ ਖੰਭ ਫੜਿਆ ਅਤੇ ਕਿਹਾ, "ਮੇਰੇ ਅਤੇ ਜਾਦੂਗਰ ਦੇ ਵਿਚਕਾਰ ਇੱਕ ਦਰਿਆ ਬਣਾ ਦਿਓ!" ਤੁਰੰਤ ਇੱਕ ਦਰਿਆ ਉੱਠ ਗਿਆ। ਇਹ ਜਾਦੂਗਰ ਨੂੰ ਵਹਾ ਕੇ ਲੈ ਜਾਣ ਵਾਲਾ ਸੀ! ਚੇਲੇ ਨੇ ਰਾਹਤ ਦੀ ਸਾਹ ਲਈ। "ਮੈਂ ਬਚ ਗਿਆ!" ਪਰ ਫਿਰ, ਪਾਣੀ ਦੀ ਆਵਾਜ਼ ਆਈ। ਪਿੱਛੇ ਮੁੜ ਕੇ ਦੇਖਿਆ ਤਾਂ ਜਾਦੂਗਰ ਨੇ ਆਪਣਾ ਮੂੰਹ ਚੌੜਾ ਖੋਲ੍ਹ ਲਿਆ। ਉਹ ਸਾਰੇ ਦਰਿਆ ਦਾ ਪਾਣੀ ਪੀ ਰਿਹਾ ਸੀ! ਪਾਣੀ ਗਰਗਰਾਉਂਦਾ ਹੋਇਆ ਉਸਦੇ ਮੂੰਹ ਵਿੱਚ ਜਾ ਰਿਹਾ ਸੀ।

ਚੇਲੇ ਨੇ ਤੀਜਾ ਖੰਭ ਫੜਿਆ। "ਮੇਰੇ ਪਿੱਛੇ ਜੰਗਲ ਵਿੱਚ ਅੱਗ ਲਗਾ ਦਿਓ," ਉਸਨੇ ਕਿਹਾ । ਅੱਗ ਲੱਗ ਗਈ। ਪਰ ਫਿਰ ਵੀ ਜਾਦੂਗਰ ਨੇ ਆਪਣਾ ਮੂੰਹ ਚੌੜਾ ਖੋਲ੍ਹ ਲਿਆ। ਫੂੰਸ! ਉਹ ਸਾਰਾ ਪਾਣੀ ਜੋ ਉਸਨੇ ਪੀਤਾ ਸੀ, ਬਾਹਰ ਵਗ ਗਿਆ। ਅੱਗ ਬੁਝ ਗਈ।



ਜੰਗਲ ਵਿੱਚੋਂ ਭਾਫ਼ ਦੇ ਬੱਦਲ ਉੱਪਰ ਵੱਲ ਉੱਠ ਰਹੇ ਸਨ। ਉਹ ਰੁੱਖਾਂ ਦੇ ਵਿਚਕਾਰ ਘੁੰਮਦੇ ਹੋਏ ਅਲੋਪ ਹੋ ਗਏ। ਵਿਚਾਰਾ ਚੇਲਾ! ਹੁਣ ਉਹ ਸਿਰਫ਼ ਭੱਜ ਸਕਦਾ ਸੀ ਅਤੇ ਚੰਗੇ ਦੀ ਉਮੀਦ ਕਰ ਸਕਦਾ ਸੀ। ਆਪਣਾ ਸਿਰ ਨੀਵਾਂ ਕਰਕੇ ਉਹ ਹਨੇਰੀ ਵਾਂਗ ਭੱਜਿਆ। ਆਖਰਕਾਰ ਉਹ ਰਿਸ਼ੀ ਦੇ ਘਰ ਪਹੁੰਚ ਗਿਆ।

ਜਾਦੂਗਰ ਉਸਦੇ ਬਿਲਕੁਲ ਪਿੱਛੇ ਸੀ। ਉਹ ਦਰਵਾਜ਼ੇ ‘ਤੇ ਰੁਕਿਆ ਅਤੇ ਰਿਸ਼ੀ ਨੂੰ ਪੁੱਛਿਆ, "ਕੀ ਤੂੰ ਆਪਣਾ ਚੇਲਾ ਮੈਨੂੰ ਸੌਂਪ ਦੇਵੇਂਗਾ? ਜਾਂ ਮੈਂ ਤੈਨੂੰ ਖਾ ਲਵਾਂ?“

ਰਿਸ਼ੀ ਨੇ ਜਵਾਬ ਦਿੱਤਾ, "ਆਪਣੇ ਆਪ 'ਤੇ ਇੰਨਾ ਭਰੋਸਾ ਨਾ ਕਰ! ਮੈਂ ਜਾਦੂ ਦੇ ਹਰ ਮੁਕਾਬਲੇ ਵਿੱਚ ਤੇਰੇ ਬਰਾਬਰ ਹਾਂ। ਆਓ ਇੱਕ ਮੁਕਾਬਲਾ ਕਰੀਏ। ਜੇ ਤੂੰ ਜਿੱਤਿਆ, ਤਾਂ ਤੂੰ ਮੇਰਾ ਚੇਲਾ ਲੈ ਜਾ ਸਕਦਾ ਹੈਂ।“

ਜਾਦੂਗਰ ਨੇ ਕਿਹਾ, "ਠੀਕ ਹੈ। ਸ਼ੁਰੂ ਕਰਦੇ ਹਾਂ।“

ਰਿਸ਼ੀ ਨੇ ਪੁੱਛਿਆ, "ਕੀ ਤੂੰ ਆਪਣੇ ਆਪ ਨੂੰ ਇਸ ਇਮਾਰਤ ਜਿੰਨਾ ਉੱਚਾ ਕਰ ਸਕਦਾ ਹੈਂ?" ਤੁਰੰਤ ਜਾਦੂਗਰ ਇੰਨਾ ਉੱਚਾ ਹੋ ਗਿਆ। ਪਰ ਰਿਸ਼ੀ ਪ੍ਰਭਾਵਿਤ ਨਹੀਂ ਹੋਇਆ।

ਰਿਸ਼ੀ ਨੇ ਕਿਹਾ, "ਆਪਣੇ ਆਪ ਨੂੰ ਲੰਬਾ ਕੋਈ ਵੀ ਕਰ ਸਕਦਾ ਹੈ। ਹੁਣ, ਕੀ ਤੂੰ ਇੱਕ ਮਟਰ

ਦੇ ਦਾਣੇ ਜਿੰਨਾ ਛੋਟਾ ਹੋ ਸਕਦਾ ਹੈਂ?"
ਜਾਦੂਗਰ ਨੇ ਕਿਹਾ, "ਇਸ ਵਿੱਚ ਕੀ ਮੁਸ਼ਕਲ ਹੈ?“

ਉਸੇ ਪਲ ਉਹ ਇੱਕ ਮਟਰ ਦੇ ਦਾਣੇ ਵਿੱਚ ਬਦਲ ਗਿਆ। ਰਿਸ਼ੀ ਨੇ ਮਟਰ ਦਾ ਦਾਣਾ ਚੁੱਕਿਆ ਅਤੇ ਆਪਣੇ ਮੂੰਹ ਵਿੱਚ ਪਾ ਲਿਆ। ਉਸਨੇ ਇਸਨੂੰ ਨਿਗਲ ਲਿਆ।ਇਸ ਤਰ੍ਹਾਂ ਦੁਸ਼ਟ ਜਾਦੂਗਰ ਦਾ ਅੰਤ ਹੋ ਗਿਆ!

(ਜਪਾਨੀ ਲੋਕ ਕਹਾਣੀ ਤੋਂ ਅਨੁਕੂਲਿਤ)



© Katha Jharna 2008

Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy